ਜਿਲਦ: 7, ਅੰਕ: 01

1-15 ਜੁਲਾਈ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ




ਸਾਨੂੰ ਫਾਲੋ ਕਰੋ @NISPIBIndia

ਈ-ਕਾਪੀ ਦੇ ਲਈ QR ਕੋਡ ਸਕੈਨ ਕਰੋ

## ਨਿਆਇਕ ਸੌਖ ਦਾ ਯੁੱਗ

## ਨਵੇਂ ਕਾਨੂੰਨ - ਨਵਾਂ ਵਿਸ਼ਵਾਸ

ਭਾਰਤੀਯ ਨਯਾਯ ਸੰਹਿਤਾ, ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀਯ ਨਯਾਯ ਅਧਿਨਿਯਮ ਦੇ ਦੋ ਸ਼ਾਨਦਾਰ ਵਰ੍ਹੇ, ਨਾਗਰਿਕ-ਕੇਂਦ੍ਰਿਤ ਨਿਆਂ ਵਿਵਸਥਾ ਦੇ ਨਿਰਮਾਣ ਦੀ ਇਤਿਹਾਸਕ ਯਾਤਰਾ ਦੇ ਬਣ ਗਏ ਹਨ ਪ੍ਰਤੀਕ...

## ਡਾ. ਸ਼ਿਆਮਾ ਪ੍ਰਸਾਦ ਮੁਖਰਜੀ

**6 ਜੁਲਾਈ ਜਯੰਤੀ 'ਤੇ ਸ਼ੁਕਰਗੁਜ਼ਾਰ ਰਾਸ਼ਟਰ ਦੀ ਸ਼ਰਧਾਂਜਲੀ**

# ਦੇਸ਼ ਦੀ ਏਕਤਾ, ਅਖੰਡਤਾ

## ਅਤੇ ਸੱਭਿਆਚਾਰਕ ਰਾਸ਼ਟਰਵਾਦ ਦੇ ਮੋਢੀ

*ਆਪਣੇ ਰਾਸ਼ਟਰਵਾਦੀ ਵਿਚਾਰਾਂ ਨਾਲ ਮਾਂ ਭਾਰਤੀ ਨੂੰ ਮਾਣ ਮਹਿਸੂਸ ਕਰਵਾਉਣ ਵਾਲੇ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਭਾਰਤ ਦੇ ਵਿਕਾਸ ਵਿੱਚ ਸ਼ਾਨਦਾਰ ਅਤੇ ਮਿਸਾਲੀ ਯੋਗਦਾਨ ਦਿੰਦੇ ਰਹੇ। ਉਨ੍ਹਾਂ ਲਈ ਦੇਸ਼ ਦੀ ਏਕਤਾ ਅਤੇ ਅਖੰਡਤਾ ਤੋਂ ਵਧ ਕੇ ਕੁਝ ਵੀ ਨਹੀਂ ਸੀ। ਉੱਤਰ ਵਿੱਚ ਕਸ਼ਮੀਰ ਤੋਂ ਲੈ ਕੇ ਪੂਰਬ ਵਿੱਚ ਬੰਗਾਲ ਤੱਕ, ਉਨ੍ਹਾਂ ਨੇ ਦੇਸ਼ ਦੀ ਇੰਚ-ਇੰਚ ਭੂਮੀ ਅਤੇ ਜੰਮੂ-ਕਸ਼ਮੀਰ ਤੋਂ ਦੋ ਪ੍ਰਧਾਨ ਮੰਤਰੀ, ਦੋ ਸੰਵਿਧਾਨ, ਦੋ ਝੰਡੇ ਦੀ ਪ੍ਰਣਾਲੀ ਨੂੰ ਖ਼ਤਮ ਕਰਨ ਲਈ ਸੰਘਰਸ਼ ਕੀਤਾ। ਮਾਤ੍ਰਭੂਮੀ ਲਈ ਉਨ੍ਹਾਂ ਦਾ ਸਮਰਪਣ ਅਤੇ ਕੁਰਬਾਨੀ ਦੇਸ਼ਵਾਸੀਆਂ ਨੂੰ ਹਮੇਸ਼ਾ ਕਰਦੀ ਰਹੇਗੀ ਪ੍ਰੇਰਿਤ...*



> **ਰਾਸ਼ਟਰ ਦੇ ਅਮਰ ਪੁੱਤਰ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਉਨ੍ਹਾਂ ਦੀ ਜਨਮ-ਵਰ੍ਹੇਗੰਢ 'ਤੇ ਦਿਲੋਂ ਸ਼ਰਧਾਂਜਲੀ। ਦੇਸ਼ ਦੀ ਆਨ-ਬਾਨ ਅਤੇ ਸ਼ਾਨ ਦੀ ਰੱਖਿਆ ਦੇ ਲਈ ਉਨ੍ਹਾਂ ਨੇ ਆਪਣੇ ਪ੍ਰਾਣ ਕੁਰਬਾਨ ਕਰ ਦਿੱਤੇ। ਉਨ੍ਹਾਂ ਦੇ ਵਿਚਾਰ ਅਤੇ ਸਿਧਾਂਤ ਵਿਕਸਿਤ ਅਤੇ ਆਤਮਨਿਰਭਰ ਭਾਰਤ ਦੇ ਨਿਰਮਾਣ ਵਿੱਚ ਕੀਮਤੀ ਹਨ।**
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

# ਅੰਦਰਲੇ ਪੰਨਿਆਂ ਉੱਤੇ...


ਨਿਊ ਇੰਡੀਆ
**ਸਮਾਚਾਰ**

**ਜਿਲਦ 7, ਅੰਕ 1, 1-15 ਜੁਲਾਈ**

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ),**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ),**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/news.aspx

**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ :-@NISPIBIndia




**ਕਵਰ ਸਟੋਰੀ**

ਦੋ ਸਦੀਆਂ ਦੀ ਦੂਰੀ ਤੈਅ ਕਰਦੇ ਹੋਏ 21ਵੀਂ ਸਦੀ ਵਿੱਚ ਭਾਰਤ ਨੂੰ ਗੁਲਾਮੀ ਦੇ ਪਰਛਾਵੇਂ ਤੋਂ ਮੁਕਤ ਆਪਣਾ ਕਾਨੂੰਨ ਮਿਲਿਆ। ਇਸੇ ਦਾ ਨਤੀਜਾ ਹੈ ਕਿ ਨਾਗਰਿਕ ਹੋਣ ਜਾਂ ਪੁਲਿਸ ਅਤੇ ਅਦਾਲਤਾਂ, ਬੀਤੇ 2 ਵਰ੍ਹਿਆਂ ਵਿੱਚ ਨਿਆਂ ਦੀ ਕਿਤਾਬ ਅਤੇ ਭਾਸ਼ਾ ਦੋਵੇਂ ਬਦਲ ਗਈਆਂ ਹਨ। ਇਸ ਨਵੇਂ ਬਦਲਾਅ ਨਾਲ ਭਾਰਤ ਦਾ ਜਨ-ਜਨ ਦੇਖ ਰਿਹਾ ਹੈ ਇੱਕ ਸਵਦੇਸ਼ੀ ਨਿਆਂ ਵਿਵਸਥਾ ਦੀ ਸ਼ੁਰੂਆਤ... | 14-23

**ਭਾਰਤ ਦੀ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਚੁਣੇ ਗਏ ਪ੍ਰਧਾਨ ਮੰਤਰੀ**

**ਸੇਵਾ, ਦਲੇਰੀ ਅਤੇ ਰਾਸ਼ਟਰ ਨਿਰਮਾਣ**
ਦੇ ਅਟੁੱਟ ਸਮਰਪਣ ਦੇ ਪ੍ਰਤੀਕ
**ਪ੍ਰਧਾਨ ਮੰਤਰੀ ਨਰੇਂਦਰ ਮੋਦੀ**



ਪ੍ਰਗਤੀ ਦੀ ਰਾਹ 'ਤੇ ਅੱਗੇ ਵਧਦੇ ਹੋਏ... 12 ਵਰ੍ਹਿਆਂ ਦੀ ਵਿਕਾਸ ਯਾਤਰਾ ਇੱਕ ਯੁੱਗ ਦੇ ਰੂਪ ਵਿੱਚ ਹੋ ਚੁੱਕੀ ਹੈ ਸਥਾਪਿਤ | 6-10

ਇਤਿਹਾਸਕ ਅਗਵਾਈ, ਵਿਸ਼ਵਵਿਆਪੀ ਸ਼ਲਾਘਾ
**ਨਵਾਂ ਭਾਰਤ, ਸਮਰੱਥ ਭਾਰਤ**

ਪੀਐੱਮ ਮੋਦੀ ਭਾਰਤ ਦੇ ਸਭ ਤੋਂ ਲੰਬੇ ਸਮੇਂ ਤੱਕ ਲਗਾਤਾਰ ਸੇਵਾ ਕਰਨ ਵਾਲੇ ਚੁਣੇ ਗਏ ਪ੍ਰਧਾਨ ਮੰਤਰੀ ਬਣੇ। ਇਸ ਸ਼ਾਨਦਾਰ ਮੌਕੇ 'ਤੇ ਆਲਮੀ ਮੰਚ ਤੋਂ ਮਿਲੇ ਵਧਾਈਆਂ ਦੇ ਸੰਦੇਸ਼ | 11-12


**ਸਮਾਚਾਰ ਸਾਰ** | 4-5

**ਅਹਿਮਦਾਬਾਦ ਮੈਟਰੋ ਸਮੇਤ ਇਨਫ੍ਰਾਸਟ੍ਰਕਚਰ ਨਾਲ ਜੁੜੇ ਪ੍ਰੋਜੈਕਟਾਂ ਨੂੰ ਮਨਜ਼ੂਰੀ**
ਕੇਂਦਰੀ ਕੈਬਨਿਟ ਦੇ ਫੈਸਲੇ | 13

**ਹੁਨਰਮੰਦ ਭਾਰਤ ਵੱਲ ਮਜ਼ਬੂਤੀ ਨਾਲ ਵਧਦੇ ਕਦਮ**
ਬੀਤੇ 11 ਵਰ੍ਹਿਆਂ ਵਿੱਚ ਦੇਸ਼ ਦੇ ਲੱਖਾਂ ਲੋਕ ਬਣਾਏ ਗਏ ਹੁਨਰਮੰਦ ਅਤੇ ਸਸ਼ਕਤ | 26-27

**ਤਕਨੀਕ ਨਾਲ ਪਰਿਵਰਤਨ ਦਾ ਨਵਾਂ ਯੁੱਗ**
ਫਲੈਗਸ਼ਿਪ: ਡਿਜੀਟਲ ਇੰਡੀਆ ਪ੍ਰੋਗਰਾਮ ਦੇ 11 ਵਰ੍ਹੇ | 28-30

**ਨਵੇਂ ਭਾਰਤ ਦੇ ਕਾਰਜਬਲ ਦਾ ਸਸ਼ਕਤੀਕਰਣ**
ਪੀਐੱਮ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਵਿੱਚ 56 ਲੱਖ ਕਰਮਚਾਰੀ ਹੋ ਚੁੱਕੇ ਹਨ ਰਜਿਸਟਰਡ | 31

**ਆਧੁਨਿਕ ਕਨੈਕਟੀਵਿਟੀ ਅਤੇ ਵਿਕਾਸ ਦਾ ਨਵਾਂ ਅਧਿਆਏ**
ਸੂਰਤ-ਦਮਨ ਵਿੱਚ 23,000 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ | 32-34

**ਬਹਾਦਰੀ ਦਾ ਸਨਮਾਨ...**
ਡਿਫੈਂਸ ਇਨਵੈਸਟੀਚਰ ਸੈਰੇਮਨੀ-I ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ 51 ਬਹਾਦਰਾਂ ਨੂੰ ਕੀਤਾ ਸਨਮਾਨਿਤ | 35

**ਦੁਨੀਆ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ ਭਾਰਤ ਦੀ ਵਿਕਾਸ ਗਾਥਾ**
ਗਵਰਨਿੰਗ ਕੌਂਸਲ ਦੀ ਮੀਟਿੰਗ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤੀ ਪ੍ਰਧਾਨਗੀ | 36-37

**ਸ਼ਖਸੀਅਤ : ਗੁਲਜਾਰੀ ਲਾਲ ਨੰਦਾ**
ਜਿਨ੍ਹਾਂ ਨੇ ਮੁਸ਼ਕਲ ਸਮੇਂ ਵਿੱਚ ਸੰਭਾਲੀ ਦੇਸ਼ ਦੀ ਕਮਾਨ | 38


**1 ਜੁਲਾਈ, 2026 ਤੋਂ ਵਿਕਸਿਤ ਭਾਰਤ - ਜੀ ਰਾਮ ਜੀ ਲਾਗੂ**



**ਗ੍ਰਾਮੀਣ ਭਾਰਤ ਵਿੱਚ ਹੁਣ**
**125 ਦਿਨਾਂ ਦੀ ਰੁਜ਼ਗਾਰ ਗਰੰਟੀ**

ਜੀ ਰਾਮ ਜੀ ਵਿੱਚ ਹਰੇਕ ਗ੍ਰਾਮੀਣ ਪਰਿਵਾਰ, ਜਿਸ ਦੇ ਬਾਲਗ ਮੈਂਬਰ ਗੈਰ-ਹੁਨਰਮੰਦ ਹੱਥੀਂ ਕਿਰਤ ਦੀ ਮੰਗ ਕਰਨਗੇ, ਉਨ੍ਹਾਂ ਨੂੰ ਹਰ ਵਿੱਤੀ ਵਰ੍ਹੇ ਦਿੱਤੀ ਜਾਵੇਗੀ 125 ਦਿਨਾਂ ਦੀ ਮਜ਼ਦੂਰੀ ਅਧਾਰਿਤ ਰੁਜ਼ਗਾਰ ਦੀ ਗਰੰਟੀ | 24-25


**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ** –responsenis@pib.gov.in **ਆਰ.ਐੱਨ.ਆਈ. ਨੰਬਰ** DELPUN/2020/78808

# ਸੰਪਾਦਕ ਦੀ ਕਲਮ ਤੋਂ...

# ਨਵਾਂ ਕਾਨੂੰਨ, ਨਵੀਂ ਦਿਸ਼ਾ

## ਨਿਆਂ ਵਿਵਸਥਾ ਦੇ ਸਸ਼ਕਤੀਕਰਣ ਦਾ ਨਵਾਂ ਯੁੱਗ

*ਸਾਦਰ ਨਮਸਕਾਰ।*

ਅੱਜ ਰਾਸ਼ਟਰ ਵਿਕਸਿਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਵਿੱਚ ਜੁਟਿਆ ਹੋਇਆ ਹੈ। ਇਸ ਸੰਕਲਪ ਨੂੰ ਸਾਕਾਰ ਕਰਨ ਦੇ ਲਈ ਅਸੀਂ ਸਾਰਿਆਂ ਨੇ ਪੰਚ ਪ੍ਰਣ ਲਏ ਸਨ। ਉਨ੍ਹਾਂ ਵਿੱਚੋਂ ਇੱਕ ਪ੍ਰਣ ਇਹ ਸੀ ਕਿ ਅਸੀਂ ਆਪਣੇ ਆਪ ਨੂੰ ਗੁਲਾਮੀ ਦੀ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਮੁਕਤ ਕਰਾਂਗੇ। ਦੇਸ਼ ਨੂੰ ਭਾਰਤੀ ਸੋਚ ਅਤੇ ਭਾਰਤੀ ਪਛਾਣ ਦੇ ਨਾਲ ਇੱਕ ਆਤਮਨਿਰਭਰ ਰਾਸ਼ਟਰ ਬਣਾਵਾਂਗੇ। ਇਸ ਪ੍ਰਣ ਦੀ ਪੂਰਤੀ ਦੀ ਦਿਸ਼ਾ ਵਿੱਚ ਸਰਕਾਰ ਨੇ 1 ਜੁਲਾਈ, 2024 ਨੂੰ ਬਸਤੀਵਾਦੀ ਯੁੱਗ ਦੇ ਤਿੰਨ ਕਾਨੂੰਨਾਂ ਨੂੰ ਰੱਦ ਕਰਦੇ ਹੋਏ ਨਿਆਂ ਦੀ ਭਾਰਤੀ ਧਾਰਨਾ 'ਤੇ ਅਧਾਰਿਤ ਤਿੰਨ ਨਵੇਂ ਕਾਨੂੰਨ ਲਾਗੂ ਕੀਤੇ।

ਭਾਰਤੀਯ ਦੰਡ ਸੰਹਿਤਾ (1860), ਅਪਰਾਧਿਕ ਪ੍ਰਕਿਰਿਆ ਸੰਹਿਤਾ (1898) ਅਤੇ ਭਾਰਤੀਯ ਸਾਕਸ਼ਯ ਅਧਿਨਿਯਮ (1872) ਦੇ ਬਦਲੇ ਵਿੱਚ ਦੇਸ਼ ਵਿੱਚ ਭਾਰਤੀਯ ਨਯਾਯ ਸੰਹਿਤਾ, ਭਾਰਤੀਯ ਨਯਾਯ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀਯ ਸਾਕਸ਼ਯ ਅਧਿਨਿਯਮ ਲਾਗੂ ਕੀਤੇ ਗਏ। ਇਨ੍ਹਾਂ ਕਾਨੂੰਨਾਂ ਦਾ ਉਦੇਸ਼ ਵਿਅਕਤੀ ਦੀ ਸੁਤੰਤਰਤਾ, ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਨੂੰ ਤਰਜੀਹ ਦਿਵਾਉਣਾ ਅਤੇ ਨਿਆਂ ਵਿਵਸਥਾ ਨੂੰ ਵੱਧ ਪਾਰਦਰਸ਼ੀ, ਕੁਸ਼ਲ ਅਤੇ ਸਮਕਾਲੀ ਸਮਾਜ ਦੀਆਂ ਜ਼ਰੂਰਤਾਂ ਦੇ ਅਨੁਕੂਲ ਬਣਾਉਣਾ ਹੈ। ਇਹ ਕਾਨੂੰਨ ਸਾਈਬਰ ਅਪਰਾਧ, ਸੰਗਠਿਤ ਅਪਰਾਧ ਜਿਹੀਆਂ ਆਧੁਨਿਕ ਚੁਣੌਤੀਆਂ ਨਾਲ ਨਜਿੱਠਣ ਅਤੇ ਇਨ੍ਹਾਂ ਤੋਂ ਪੀੜ੍ਹਤ ਲੋਕਾਂ ਲਈ ਨਿਆਂ ਯਕੀਨੀ ਬਣਾਉਣ ਦੀ ਸਮਰੱਥਾ ਰੱਖਦੇ ਹਨ। ਪਿਛਲੇ ਦੋ ਵਰ੍ਹਿਆਂ ਵਿੱਚ ਤਿੰਨੋਂ ਕਾਨੂੰਨ ਨਿਆਇਕ ਸੁਗਮਤਾ ਦੇ ਨਵੇਂ ਯੁੱਗ ਦੇ ਰੂਪ ਵਿੱਚ ਸਥਾਪਿਤ ਹੋ ਚੁੱਕੇ ਹਨ। ਭਾਰਤ ਦੀ ਪੂਰੀ ਨਿਆਂ ਪ੍ਰਣਾਲੀ ਵਿੱਚ ਹੁਣ ਭਾਰਤੀ ਆਤਮਾ ਹੈ। ਇਨ੍ਹਾਂ ਦੋ ਵਰ੍ਹਿਆਂ ਦੀ ਯਾਤਰਾ ਹੀ ਇਸ ਵਾਰ ਦੇ ਸਾਡੇ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਮੁਸ਼ਕਲ ਸਮੇਂ ਵਿੱਚ ਦੇਸ਼ ਦੀ ਕਮਾਨ ਸੰਭਾਲਣ ਵਾਲੇ ਗੁਲਜਾਰੀ ਲਾਲ ਨੰਦਾ, ਫਲੈਗਸ਼ਿਪ ਵਿੱਚ ਡਿਜੀਟਲ ਇੰਡੀਆ, ਸਕਿੱਲ ਇੰਡੀਆ, ਵਿਕਸਿਤ ਭਾਰਤ ਰੁਜ਼ਗਾਰ ਯੋਜਨਾ, ਕੇਂਦਰੀ ਕੈਬਨਿਟ ਦੇ ਫੈਸਲੇ, ਨੀਤੀ ਆਯੋਗ ਗਵਰਨਿੰਗ ਕੌਂਸਲ ਦੀ ਮੀਟਿੰਗ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 6 ਜੁਲਾਈ ਨੂੰ ਜਨਮ-ਜਯੰਤੀ 'ਤੇ ਸ਼ਿਆਮਾ ਪ੍ਰਸਾਦ ਮੁਖਰਜੀ ਅਤੇ ਬੈਕ ਕਵਰ 'ਤੇ ਜੈਪ੍ਰਕਾਸ਼ ਨਾਰਾਇਣ ਬਰਡ ਸੈਂਕਚੂਰੀ ਨੂੰ 100ਵੀਂ ਰਾਮਸਰ ਸਾਈਟ ਐਲਾਨ ਕੀਤੇ ਜਾਣ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

# ਆਪਕੀ ਬਾਤ...






## ਮਿਲਦੀ ਹੈ ਦੇਸ਼ ਦੀ ਤਰੱਕੀ ਅਤੇ ਸਰਕਾਰੀ ਪਹਿਲਕਦਮੀਆਂ ਨਾਲ ਜੁੜੀ ਜਾਣਕਾਰੀ

ਮੈਂ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਦਾ ਡਿਜੀਟਲ ਐਡੀਸ਼ਨ ਪੜ੍ਹਦਾ ਹਾਂ। ਇਹ ਪੱਤ੍ਰਿਕਾ ਦੇਸ਼ ਦੀ ਤਰੱਕੀ ਅਤੇ ਸਰਕਾਰੀ ਪਹਿਲਕਦਮੀਆਂ ਨਾਲ ਜੁੜੀ ਜਾਣਕਾਰੀਪੂਰਨ ਅਪਡੇਟ ਦਿੰਦੀ ਹੈ। ਮੈਂ ਇਸ ਦੀ ਬਹੁਤ ਸ਼ਲਾਘਾ ਕਰਦਾ ਹਾਂ।

**sachingour231@gmail.com**

## ਦੇਸ਼ ਦੀ ਵਿਰਾਸਤ 'ਤੇ ਮਹਿਸੂਸ ਹੁੰਦਾ ਹੈ ਮਾਣ

ਮੈਂ 'ਨਿਊ ਇੰਡੀਆ ਸਮਾਚਾਰ' ਦੇ ਤਾਜ਼ਾ ਅੰਕ ਵਿੱਚ ਜਨਗਣਨਾ 2027 'ਤੇ ਕਵਰ ਸਟੋਰੀ ਪੜ੍ਹੀ। ਇਸ ਸਟੋਰੀ ਲਈ ਤੁਹਾਡਾ ਧੰਨਵਾਦ! ਇਹ ਇੰਨੀ ਵਿਸਤ੍ਰਿਤ ਅਤੇ ਸਟੀਕ ਹੈ ਕਿ ਨਾ ਸਿਰਫ ਪ੍ਰਕਿਰਿਆ ਨੂੰ ਠੀਕ ਨਾਲ ਸਮਝਾਉਂਦੀ ਹੈ, ਸਗੋਂ ਸਾਰੀਆਂ ਸ਼ੰਕਾਵਾਂ ਨੂੰ ਵੀ ਦੂਰ ਕਰਦੀ ਹੈ। ਮੀਡੀਆ ਦੇ ਹੋਰ ਮਾਧਿਅਮਾਂ ਨਾਲ ਕਈ ਤਰ੍ਹਾਂ ਦੇ ਸ਼ੱਕ ਪੈਦਾ ਹੋ ਰਹੇ ਸਨ, ਜੋ ਇਸ ਸਟੋਰੀ ਨੂੰ ਪੜ੍ਹਨ ਦੇ ਬਾਅਦ ਹੁਣ ਸਪਸ਼ਟ ਹੋ ਗਏ ਹਨ। ਮੈਨੂੰ ਕੁਮੁਦਿਨੀ ਲਾਖਿਆ ਬਾਰੇ ਪੜ੍ਹ ਕੇ ਵੀ ਬਹੁਤ ਚੰਗਾ ਲੱਗਿਆ। ਮੈਂ ਤੁਹਾਡੀ ਟੀਮ ਦੀ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਸਾਡੇ ਦੇਸ਼ ਦੀ ਅਜਿਹੀਆਂ ਸ਼ਖਸੀਅਤਾਂ ਨੂੰ ਲੱਭਿਆ , ਜਿਨ੍ਹਾਂ ਬਾਰੇ ਮੈਂ ਆਪਣੇ ਬੱਚਿਆਂ ਨੂੰ ਦੱਸ ਸਕਦੀ ਹਾਂ ਅਤੇ ਆਪਣੇ ਦੇਸ਼ ਦੀ ਵਿਰਾਸਤ 'ਤੇ ਮਾਣ ਮਹਿਸੂਸ ਕਰ ਸਕਦੀ ਹਾਂ।

**ਸ਼ਿਪ੍ਰਾ ਅਬ੍ਰਾਹਮ**

**shipra.abraham@gmail.com**

## ਪੱਤ੍ਰਿਕਾ ਵਿਦਿਆਰਥੀਆਂ ਲਈ ਲਾਭਦਾਇਕ

ਮੈਂ ਇਸ ਪੱਤ੍ਰਿਕਾ ਦਾ ਨਿਯਮਿਤ ਪਾਠਕ ਤਾਂ ਨਹੀਂ ਰਿਹਾ ਪਰ ਆਪਣੇ ਅਧਿਆਪਕ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਹਾਲ ਹੀ ਵਿੱਚ ਮੈਂ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਦੇ ਮਈ ਦੇ ਪਹਿਲੇ ਐਡੀਸ਼ਨ ਨੂੰ ਪੜ੍ਹਿਆ। ਮੈਂ ਹੈਰਾਨ ਰਹਿ ਗਿਆ ਕਿ ਇਹ ਪੱਤ੍ਰਿਕਾ ਵਿਦਿਆਰਥੀਆਂ ਲਈ ਕਿੰਨੀ ਲਾਭਦਾਇਕ ਹੈ। ਇਸ ਪੱਤ੍ਰਿਕਾ ਵਿੱਚ ਯੂਪੀਐੱਸਸੀ ਦੇ ਸਾਰੇ ਵਿਸ਼ਿਆਂ ਬਾਰੇ ਉਚਿਤ ਅਤੇ ਤਥਾਤਮਕ ਜਾਣਕਾਰੀਆਂ ਉਪਲਬਧ ਹਨ। ਇਸ ਦਾ ਲਾਭ ਮੈਨੂੰ ਹਾਲ ਹੀ ਵਿੱਚ ਦਿੱਤੇ ਗਏ ਗਵਰਨੈਂਸ ਦੇ ਟੈਸਟ ਵਿੱਚ ਮਿਲਿਆ, ਕਿਉਂਕਿ ਇਸ ਐਡੀਸ਼ਨ ਦੇ ਤਹਿਤ 'ਸਵੈ ਸਹਾਇਤਾ ਸਮੂਹਾਂ' ਬਾਰੇ ਜ਼ਿਕਰ ਸੀ ਜੋ ਯੂਪੀਐੱਸਸੀ ਦੀ ਦ੍ਰਿਸ਼ਟੀ ਨਾਲ ਇੱਕ ਮਹੱਤਵਪੂਰਨ ਪੱਖ ਰਿਹਾ ਹੈ। ਇਸ ਪੱਤ੍ਰਿਕਾ ਵਿੱਚ ਕਰੰਟ ਅਫੇਅਰਸ ਦੀ ਉਪਲਬਧਤਾ ਸ਼ਾਨਦਾਰ ਪੱਧਰ ਦੀ ਹੈ, ਜੋ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਜ਼ਰੂਰੀ ਹੈ। ਮੈਂ ਇਸ ਪੱਤ੍ਰਿਕਾ ਨੂੰ ਪੜ੍ਹ ਕੇ ਇਹ ਫੈਸਲਾ ਕੀਤਾ ਹੈ ਕਿ ਮੈਂ ਇਸ ਪੱਤ੍ਰਿਕਾ ਦਾ ਨਿਯਮਿਤ ਪਾਠਕ ਬਣਾਂ। ਮੈਂ ਇਸ ਨੂੰ ਪੜ੍ਹਣ ਤੋਂ ਬਾਅਦ ਹੋਰ ਲੋਕਾਂ ਨੂੰ ਤਾਕੀਦ ਕਰਾਂਗਾ ਕਿ ਤੁਸੀਂ ਵੀ ਇਸ ਪੱਤ੍ਰਿਕਾ ਨੂੰ ਰੋਚਕਤਾ ਨਾਲ ਪੜ੍ਹੋ ਅਤੇ ਇਸ ਦਾ ਲਾਭ ਲਓ।

ਵੈਭਵ ਸੋਨੀ

**Vaibhavsoni074@gmail.com**

## ਜਾਣਕਾਰੀ ਦੇਣ ਵਾਲੀ ਪੱਤ੍ਰਿਕਾ ਪੜ੍ਹਣ ਦੇ ਲਈ ਰਹਿੰਦਾ ਹਾਂ ਉਤਸੁਕ

ਮੈਂ ਆਪਣੇ ਘਰ 'ਤੇ ਨਿਯਮਿਤ ਤੌਰ 'ਤੇ ਕੰਨੜ ਭਾਸ਼ਾ ਵਿੱਚ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦੀ ਕਾਪੀ ਪੜ੍ਹਦਾ ਹਾਂ। ਇਹ ਬਹੁਤ ਜਾਣਕਾਰੀ ਦੇਣ ਵਾਲੀ ਪੱਤ੍ਰਿਕਾ ਹੈ। ਮੈਂ ਇਸ ਨੂੰ ਪੜ੍ਹਣ ਦੇ ਲਈ ਉਤਸੁਕ ਰਹਿੰਦਾ ਹਾਂ। ਇਸ ਨੂੰ ਪੜ੍ਹਣ ਨਾਲ ਮੁਸ਼ਕਲ ਮੁੱਦਿਆਂ ਨੂੰ ਅਸਾਨੀ ਨਾਲ ਸਮਝਣ ਵਿੱਚ ਮਦਦ ਮਿਲਦੀ ਹੈ। ਮੈਨੂੰ ਇਹ ਬਹੁਤ ਬਿਹਤਰੀਨ ਲਗਦੀ ਹੈ। ਇਸ ਨਾਲ ਮੈਂ ਬਹੁਤ ਅੱਪਡੇਟ ਰਹਿੰਦਾ ਹਾਂ।

ਕਸਤੂਰੀ

**rakeshla143@gmail.com**

**ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003**

**ਈਮੇਲ- response-nis@pib.gov.in**

ਸਮਾਚਾਰ ਸਾਰ

## ਜ਼ੋਜਿਲਾ ਟਨਲ...

# ਇੱਕ ਇਤਿਹਾਸਕ ਇੰਜੀਨੀਅਰਿੰਗ ਪ੍ਰਾਪਤੀ

ਭਾਰਤ ਆਪਣੀ ਇੰਜੀਨੀਅਰਿੰਗ ਸਮਰੱਥਾ ਦਾ ਹੁਣ ਲਗਾਤਾਰ ਪ੍ਰਦਰਸ਼ਨ ਕਰ ਰਿਹਾ ਹੈ। ਭਾਰਤ ਵਿੱਚ ਸੁਰੰਗਾਂ ਸਿਰਫ ਇਨਫ੍ਰਾਸਟ੍ਰਕਚਰ ਦੇ ਵਿਕਾਸ ਤੱਕ ਸੀਮਤ ਨਹੀਂ ਹਨ। ਸਗੋਂ ਅਜਿਹੇ ਪਹਾੜ ਅਤੇ ਦੁਰਗਮ ਭੂ-ਭਾਗ ਜੋ ਕਦੇ ਸੰਪਰਕ ਵਿੱਚ ਰੁਕਾਵਟ ਹੋਇਆ ਕਰਦੇ ਸਨ, ਉਨ੍ਹਾਂ ਪਹਾੜਾਂ ਨੂੰ ਤੋੜ ਕੇ ਭੂਗੋਲਿਕ ਚੁਣੌਤੀਆਂ 'ਤੇ ਜਿੱਤ ਪ੍ਰਾਪਤ ਕੀਤੀ ਜਾ ਰਹੀ ਹੈ। ਅਟਲ ਟਨਲ, ਚਿਨਾਬ ਬ੍ਰਿਜ, ਨਿਊ ਪੰਬਨ ਬ੍ਰਿਜ ਅਤੇ ਬੈਰਾਬੀ-ਸੈਰਾਂਗ ਰੇਲਵੇ ਲਾਈਨ ਨਿਰਮਾਣ ਦੇ ਬਾਅਦ ਹੁਣ ਏਸ਼ੀਆ ਦੀ ਸਭ ਤੋਂ ਲੰਬੀ 'ਜ਼ੋਜਿਲਾ ਟਨਲ' ਦਾ 9 ਜੂਨ ਨੂੰ ਇਤਿਹਾਸਕ ਬ੍ਰੇਕ-ਥਰੂ ਹੋਇਆ। ਇਹ ਬ੍ਰੇਕ-ਥਰੂ ਸਿਰਫ ਨਿਰਮਾਣ ਕਾਰਜ ਦੀ ਪ੍ਰਗਤੀ ਨਹੀਂ, ਸਗੋਂ ਭਾਰਤ ਦੀ ਤਕਨੀਕੀ ਕੁਸ਼ਲਤਾ, ਇੰਜੀਨੀਅਰਿੰਗ ਸਮਰੱਥਾ ਅਤੇ ਅਟੁੱਟ ਸੰਕਲਪ ਦਾ ਪ੍ਰਤੀਕ ਹੈ। ਇਹ ਪ੍ਰੋਜੈਕਟ ਜੰਮੂ-ਕਸ਼ਮੀਰ ਅਤੇ ਲੱਦਾਖ ਦਰਮਿਆਨ ਔਲ-ਵੈਦਰ ਕਨੈਕਟੀਵਿਟੀ ਦਾ ਮਹੱਤਵਪੂਰਨ ਅਧਿਆਏ ਬਣ ਕੇ ਉਭਰ ਰਿਹਾ ਹੈ।

ਰਣਨੀਤਕ ਇਨਫ੍ਰਾਸਟ੍ਰਕਚਰ ਨੂੰ ਹੁਲਾਰਾ ਦੇਣ ਨਾਲ ਖੇਤਰੀ ਵਿਕਾਸ, ਟੂਰਿਜ਼ਮ, ਵਪਾਰ ਅਤੇ ਰਾਸ਼ਟਰੀ ਸੁਰੱਖਿਆ ਨੂੰ ਗਤੀ ਮਿਲੇਗੀ। ਇਸ ਟਨਲ ਦੇ ਨਿਰਮਾਣ ਤੋਂ ਬਾਅਦ ਸੋਨਮਰਗ ਤੋਂ ਮਿਨਾਮਰਗ ਤੱਕ ਦੀ ਲਗਭਗ 2 ਘੰਟਿਆਂ ਦੀ ਯਾਤਰਾ ਸਿਰਫ਼ 30 ਮਿੰਟ ਵਿੱਚ ਪੂਰੀ ਹੋਵੇਗੀ। ਰਾਸ਼ਟਰੀ ਰਾਜਮਾਰਗ-1 'ਤੇ ਬਾਲਟਾਲ ਤੋਂ ਮਿਨਾਮਰਗ ਤੱਕ ਬਣਾਈ ਜਾ ਰਹੀ ਲਗਭਗ 14 ਕਿਲੋਮੀਟਰ ਲੰਬਾਈ ਦੀ ਜ਼ੋਜਿਲਾ ਟਨਲ 6,800 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਹੋ ਰਹੀ ਹੈ। 2,900 ਮੀਟਰ ਤੋਂ 3,310 ਮੀਟਰ ਦੀ ਉਚਾਈ ਦਰਮਿਆਨ ਇਸ ਟਨਲ ਦਾ ਨਿਰਮਾਣ ਹੋ ਰਿਹਾ ਹੈ।




## ਭਾਰਤ ਦਾ ਸੀਫੂਡ ਨਿਰਯਾਤ

# ਕਰੀਬ 74 ਹਜ਼ਾਰ ਕਰੋੜ ਰੁਪਏ ਦੇ ਉੱਚਤਮ ਪੱਧਰ 'ਤੇ

ਚੁਣੌਤੀ ਭਰੀਆਂ ਆਲਮੀ ਬਜ਼ਾਰ ਸਥਿਤੀਆਂ ਦੇ ਬਾਵਜੂਦ ਭਾਰਤ ਨੇ ਵਿੱਤੀ ਵਰ੍ਹੇ 2025-26 ਦੌਰਾਨ 73,890.46 ਕਰੋੜ ਰੁਪਏ ਦੇ ਮੁੱਲ ਦਾ 19.72 ਲੱਖ ਮੀਟ੍ਰਿਕ ਟਨ ਸੀਫੂਡ ਨਿਰਯਾਤ ਕੀਤਾ। ਇਹ ਮਾਤਰਾ ਅਤੇ ਮੁੱਲ ਦੋਵਾਂ ਵਿੱਚ ਉੱਚਤਮ ਪੱਧਰ ਹੈ। ਇਸ ਵਰ੍ਹੇ ਵੀ ਸੰਯੁਕਤ ਰਾਜ ਅਮਰੀਕਾ ਅਤੇ ਚੀਨ ਭਾਰਤੀ ਸੀਫੂਡ ਦੇ ਪ੍ਰਮੁੱਖ ਆਯਾਤਕ ਬਣੇ ਰਹੇ। ਫ੍ਰੋਜ਼ਨ ਝੀਂਗਾ ਪ੍ਰਮੁੱਖ ਨਿਰਯਾਤ ਵਸਤੂ ਦੇ ਤੌਰ 'ਤੇ ਬਰਕਰਾਰ ਰਹੀ, ਜਿਨ੍ਹਾਂ ਨਾਲ 49 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨਿਰਯਾਤ ਹੋਇਆ। ਕੁੱਲ ਨਿਰਯਾਤ ਮਾਤਰਾ ਵਿੱਚ ਇਸ ਦੀ ਹਿੱਸੇਦਾਰੀ 40 ਪ੍ਰਤੀਸ਼ਤ ਤੋਂ ਵੱਧ ਹੈ।



## 3 ਕਰੋੜ ਲਖਪਤੀ ਦੀਦੀ

# ਦਾ ਟੀਚਾ ਹਾਸਲ

ਦੇਸ਼ ਨੇ 3 ਕਰੋੜ ਲਖਪਤੀ ਦੀਦੀ ਦਾ ਟੀਚਾ ਹਾਸਲ ਕਰ ਲਿਆ ਹੈ। ਹੁਣ 3 ਕਰੋੜ ਹੋਰ ਨਵੀਆਂ ਲਖਪਤੀ ਦੀਦੀ ਬਣਾਉਣ ਦੇ ਸੰਕਲਪ ਨੂੰ ਮਿਸ਼ਨ ਮੋਡ ਵਿੱਚ ਪੂਰਾ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਲਖਪਤੀ ਦੀਦੀ ਪਹਿਲਕਦਮੀ ਗ੍ਰਾਮੀਣ ਮਹਿਲਾਵਾਂ ਦੇ ਆਰਥਿਕ ਸਸ਼ਕਤੀਕਰਣ ਦੀ ਦਿਸ਼ਾ ਵਿੱਚ ਇੱਕ ਪਰਿਵਰਤਨਕਾਰੀ ਅਭਿਆਨ ਦੇ ਰੂਪ ਵਿੱਚ ਉਭਰੀ ਹੈ। ਹੁਣ ਪ੍ਰਾਥਮਿਕਤਾ ਹੋਰ 3 ਕਰੋੜ ਮਹਿਲਾਵਾਂ ਨੂੰ ਸਥਾਈ ਅਤੇ ਵੱਖ-ਵੱਖ ਆਜੀਵਿਕਾ ਗਤੀਵਿਧੀਆਂ ਨਾਲ ਜੋੜਨ ਦੀ ਹੈ, ਤਾਂ ਜੋ ਉਨ੍ਹਾਂ ਦੀ ਆਮਦਨ ਵਿੱਚ ਲਗਾਤਾਰ ਵਾਧਾ ਯਕੀਨੀ ਬਣਾਇਆ ਜਾ ਸਕੇ। ਦੇਸ਼ ਭਰ ਵਿੱਚ ਲਗਭਗ 4.11 ਕਰੋੜ ਸੰਭਾਵੀ ਲਖਪਤੀ ਦੀਦੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ, ਜੋ ਅਗਲੇ ਪੜਾਅ ਦਾ ਟੀਚਾ ਪ੍ਰਾਪਤ ਕਰਨ ਦੇ ਲਈ ਇੱਕ ਮਜ਼ਬੂਤ ਅਧਾਰ ਪ੍ਰਦਾਨ ਕਰਦੀਆਂ ਹਨ।



# ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤ੍ਰਿਤਵ ਅਭਿਆਨ: ਦੇਖਭਾਲ ਦਾ ਇੱਕ ਦਹਾਕਾ

ਦੇਸ਼ ਵਿੱਚ ਸੁਰੱਖਿਅਤ ਜਣੇਪੇ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤ੍ਰਿਤਵ ਅਭਿਆਨ ਨੇ ਆਪਣੇ 10 ਵਰ੍ਹੇ ਪੂਰੇ ਕਰ ਲਏ ਹਨ। ਇਸ ਮੌਕੇ 'ਤੇ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੇਪੀ ਨੱਡਾ ਨੇ 9 ਜੂਨ ਨੂੰ 'ਪੀਐੱਮਐੱਸਐੱਮਏ ਦੇ 10 ਵਰ੍ਹੇ-ਦੇਖਭਾਲ ਦਾ ਇੱਕ ਦਹਾਕਾ' ਵਿਸ਼ੇ ਦੇ ਤਹਿਤ ਇੱਕ ਰਾਸ਼ਟਰਵਿਆਪੀ ਸਮਾਰੋਹ ਦੀ ਸ਼ੁਰੂਆਤ ਕੀਤੀ। ਇਸ ਉਪਲਬਧੀ ਨੂੰ ਯਾਦਗਾਰ ਬਣਾਉਣ ਦੇ ਲਈ ਸਰਕਾਰ ਵੱਲੋਂ 75 ਰੁਪਏ ਦਾ ਇੱਕ ਯਾਦਗਾਰੀ ਸਿੱਕਾ ਅਤੇ 5 ਰੁਪਏ ਦਾ ਡਾਕ ਟਿਕਟ ਵੀ ਜਾਰੀ ਕੀਤਾ ਗਿਆ। ਯੋਜਨਾ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 9 ਜੂਨ 2016 ਨੂੰ ਕੀਤੀ ਸੀ। ਇਸ ਦਾ ਉਦੇਸ਼ ਹਰ ਮਹੀਨੇ ਦੀ 9 ਤਰੀਕ ਨੂੰ ਮਾਹਰ ਡਾਕਟਰਾਂ ਰਾਹੀਂ ਗਰਭਵਤੀ ਮਹਿਲਾਵਾਂ ਨੂੰ ਮੁਫਤ ਜਣੇਪਾ ਜਾਂਚ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਰਿਹਾ। ਪਿਛਲੇ ਇੱਕ ਦਹਾਕੇ ਵਿੱਚ ਇਸ ਅਭਿਆਨ ਦੇ ਜ਼ਰੀਏ ਦੇਸ਼ ਭਰ ਵਿੱਚ 7.50 ਕਰੋੜ ਤੋਂ ਵੱਧ ਗਰਭਵਤੀ ਮਹਿਲਾਵਾਂ ਨੂੰ ਮੁਫਤ ਸਿਹਤ ਸੇਵਾਵਾਂ ਦਾ ਲਾਭ ਮਿਲਿਆ ਹੈ। ਇਸ ਅਭਿਆਨ ਨੇ ਇੱਕ ਸਿਹਤਮੰਦ ਅਤੇ ਸੁਰੱਖਿਅਤ ਭਾਰਤ ਦੇ ਨਿਰਮਾਣ ਦੇ ਲਈ ਇੱਕ ਬੇਹੱਦ ਮਜ਼ਬੂਤ ਨੀਂਹ ਰੱਖੀ ਹੈ।






## ਪਦਮ ਪੁਰਸਕਾਰ-2027 ਦੇ ਲਈ ਨਾਮਾਂਕਨ 31 ਜੁਲਾਈ, 2026 ਤੱਕ

ਗਣਤੰਤਰ ਦਿਵਸ 2027 ਦੇ ਮੌਕੇ 'ਤੇ ਐਲਾਨੇ ਜਾਣ ਵਾਲੇ ਪਦਮ ਪੁਰਸਕਾਰਾਂ ਦੇ ਲਈ ਨਾਮਾਂਕਨ ਦੀ ਆਖਰੀ ਮਿਤੀ 31 ਜੁਲਾਈ, 2026 ਹੈ। ਨਾਮਾਂਕਨ/ਸਿਫਾਰਸ਼ਾਂ ਸਿਰਫ਼ ਰਾਸ਼ਟਰੀ ਪੁਰਸਕਾਰ ਪੋਰਟਲ (https://awards.gov.in) 'ਤੇ ਔਨਲਾਈਨ ਹੀ ਸਵੀਕਾਰ ਕੀਤੀਆਂ ਜਾਣਗੀਆਂ। ਪਦਮ ਪੁਰਸਕਾਰ, ਭਾਵ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਦੇਸ਼ ਦੇ ਸਰਵਉੱਚ ਨਾਗਰਿਕ ਪੁਰਸਕਾਰਾਂ ਵਿੱਚੋਂ ਹੈ। ਵਰ੍ਹੇ 1954 ਵਿੱਚ ਸਥਾਪਿਤ ਇਹ ਪੁਰਸਕਾਰ ਹਰੇਕ ਵਰ੍ਹੇ ਗਣਤੰਤਰ ਦਿਵਸ ਦੇ ਮੌਕੇ 'ਤੇ ਐਲਾਨੇ ਜਾਂਦੇ ਹਨ। ਕਲਾ, ਸਾਹਿਤ ਅਤੇ ਸਿੱਖਿਆ, ਖੇਡ, ਮੈਡੀਕਲ, ਸਮਾਜ ਸੇਵਾ, ਵਿਗਿਆਨ ਅਤੇ ਇੰਜੀਨੀਅਰਿੰਗ, ਜਨਸੰਪਰਕ, ਸਿਵਿਲ ਸੇਵਾ, ਵਪਾਰ ਅਤੇ ਉਦਯੋਗ ਆਦਿ ਸਾਰੇ ਖੇਤਰਾਂ ਵਿੱਚ ਵਿਸ਼ੇਸ਼ ਅਤੇ ਅਸਧਾਰਣ ਉਪਲਬਧੀਆਂ ਜਾਂ ਸੇਵਾਵਾਂ ਦੇ ਲਈ ਪ੍ਰਦਾਨ ਕੀਤਾ ਜਾਂਦਾ ਹੈ। ਸਰਕਾਰ ਪਦਮ ਪੁਰਸਕਾਰਾਂ ਨੂੰ "ਜਨਤਾ ਦਾ ਪਦਮ" ਬਣਾਉਣ ਦੇ ਲਈ ਵਚਨਬੱਧ ਹੈ। ਇਹੀ ਵਜ੍ਹਾ ਹੈ ਕਿ ਸਾਰੇ ਨਾਗਰਿਕਾਂ ਨੂੰ ਸਵੈ-ਨਾਮਾਂਕਨ/ਸਿਫਾਰਸ਼ ਕਰਨ ਦੀ ਬੇਨਤੀ ਕੀਤੀ ਹੈ।

## 'ਭਵਯ' ਪੋਰਟਲ ਲਾਂਚ

### ਦੇਸ਼ ਭਰ ਵਿੱਚ 100 ਉਦਯੋਗਿਕ ਪਾਰਕ ਲਗਾਉਣ ਦੀ ਪ੍ਰਕਿਰਿਆ ਸ਼ੁਰੂ

ਭਾਰਤ ਉਦਯੋਗਿਕ ਵਿਕਾਸ ਯੋਜਨਾ (ਭਵਯ) ਦੇ ਸੰਚਾਲਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਭਵਯ ਪੋਰਟਲ ਦੀ ਸ਼ੁਰੂਆਤ ਕੀਤੀ। ਭਵਯ ਯੋਜਨਾ ਦੇ ਤਹਿਤ ਰਾਜਾਂ ਨੂੰ ਆਪਣੀਆਂ ਉਦਯੋਗਿਕ ਸਮਰੱਥਾਵਾਂ, ਭੂਮੀ ਦੀ ਉਪਲਬਧਤਾ, ਨਿਵੇਸ਼ਕਾਂ ਦੀ ਰੁਚੀ ਅਤੇ ਖੇਤਰੀ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹੋਏ ਵਿਸਤ੍ਰਿਤ ਪ੍ਰੋਜੈਕਟ ਪ੍ਰਸਤਾਵ ਪੇਸ਼ ਕਰਨ ਦੇ ਲਈ ਪ੍ਰੋਤਸਾਹਿਤ ਕੀਤਾ ਜਾਵੇਗਾ। ਯੋਜਨਾ ਦਾ ਉਦੇਸ਼ ਦੇਸ਼ ਭਰ ਵਿੱਚ 100 ਉਦਯੋਗਿਕ ਪਾਰਕ ਵਿਕਸਿਤ ਕਰਨਾ ਹੈ ਤਾਂ ਜੋ ਵੱਧ ਨਿਵੇਸ਼ ਦੇ ਮਾਧਿਅਮ ਨਾਲ ਵੱਡੇ ਪੈਮਾਨੇ 'ਤੇ ਰੁਜ਼ਗਾਰ ਸਿਰਜਣ ਨੂੰ ਹੁਲਾਰਾ ਦਿੱਤਾ ਜਾ ਸਕੇ। ਇਹ ਪਾਰਕ ਵੱਖ-ਵੱਖ ਆਕਾਰ ਵਿੱਚ ਵਿਕਸਿਤ ਕੀਤੇ ਜਾਣਗੇ, ਜਿਨ੍ਹਾਂ ਵਿੱਚ ਪਹਾੜੀ ਖੇਤਰਾਂ, ਛੋਟੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਉੱਤਰ-ਪੂਰਬ ਰਾਜਾਂ ਵਿੱਚ 25 ਏਕੜ ਤੋਂ ਲੈ ਕੇ ਮੱਧ ਆਕਾਰ ਦੇ ਰਾਜਾਂ ਅਤੇ ਖੇਤਰਾਂ ਵਿੱਚ 100 ਤੋਂ 500 ਏਕੜ ਤੱਕ ਅਤੇ ਸ਼ਹਿਰਾਂ ਅਤੇ ਕਸਬਿਆਂ ਦੇ ਨੇੜੇ 1,000 ਏਕੜ ਤੱਕ ਦੇ ਪਾਰਕ ਸ਼ਾਮਲ ਹੋਣਗੇ।





ਪ੍ਰਧਾਨ ਮੰਤਰੀ ਨਰੇਂਦਰ ਮੋਦੀ

# ਸੇਵਾ, ਦਲੇਰੀ ਅਤੇ ਰਾਸ਼ਟਰ ਨਿਰਮਾਣ ਦੇ ਅਟੁੱਟ ਸਮਰਪਣ ਦੇ ਪ੍ਰਤੀਕ



*10 ਜੂਨ 2026 ਦਾ ਦਿਨ ਭਾਰਤੀ ਸੰਸਦੀ ਇਤਿਹਾਸ ਵਿੱਚ ਸੁਨਹਿਰੇ ਅੱਖਰਾਂ ਵਿੱਚ ਦਰਜ ਹੋ ਗਿਆ ਹੈ। "ਰਾਸ਼ਟਰ ਪ੍ਰਥਮ" ਦੀ ਭਾਵਨਾ ਨਾਲ ਪ੍ਰੇਰਿਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਨਿਰੰਤਰ ਯਾਤਰਾ ਨੇ ਅੱਜ ਇੱਕ ਨਵਾਂ ਇਤਿਹਾਸ ਰਚ ਦਿੱਤਾ। ਇਸ ਇਤਿਹਾਸਕ ਮਿਤੀ ਨੂੰ ਉਹ 4,399 ਦਿਨਾਂ ਦੀ ਸੇਵਾ ਪੂਰੀ ਕਰਦੇ ਹੋਏ ਦੇਸ਼ ਦੇ ਸਭ ਤੋਂ ਲੰਬੇ ਕਾਰਜਕਾਲ ਵਾਲੇ ਚੁਣੇ ਗਏ ਪ੍ਰਧਾਨ ਮੰਤਰੀ ਬਣ ਗਏ।*

*ਇਸ ਤੋਂ ਪਹਿਲਾਂ ਇਹ ਮਾਣ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਦੇ ਨਾਂ ਸੀ, ਜੋ 13 ਮਈ 1952 ਤੋਂ 27 ਮਈ 1964 ਤੱਕ ਕੁੱਲ 4398 ਦਿਨ ਇਸ ਅਹੁਦੇ 'ਤੇ ਰਹੇ। ਪ੍ਰਧਾਨ ਮੰਤਰੀ ਮੋਦੀ ਦਾ ਇਹ ਕੀਰਤੀਮਾਨ ਸਿਰਫ਼ ਦਿਨਾਂ ਦੀ ਗਣਨਾ ਤੱਕ ਸੀਮਤ ਨਹੀਂ ਹੈ, ਇਹ ਉਸ ਡੂੰਘੀ ਆਸਥਾ ਅਤੇ ਅਟੁੱਟ ਵਿਸ਼ਵਾਸ ਦਾ ਪ੍ਰਮਾਣ ਹੈ, ਜੋ ਭਾਰਤ ਦੇ ਕਿਸਾਨਾਂ, ਕਾਮਿਆਂ, ਨੌਜਵਾਨਾਂ, ਮਹਿਲਾਵਾਂ ਅਤੇ ਸਮਾਜ ਦੇ ਹਰੇਕ ਵਰਗ ਨੇ ਆਪਣੇ ਪ੍ਰਧਾਨ ਮੰਤਰੀ ਵਿੱਚ ਪ੍ਰਗਟ ਕੀਤੀ ਹੈ।*

*ਤਰੱਕੀ ਦੀ ਰਾਹ 'ਤੇ ਅੱਗੇ ਵਧਦੇ ਹੋਏ... 12 ਵਰ੍ਹੇ ਦੀ ਵਿਕਾਸ ਯਾਤਰਾ ਇੱਕ ਯੁੱਗ ਦੇ ਰੂਪ ਵਿੱਚ ਸਥਾਪਿਤ ਹੋ ਚੁੱਕੀ ਹੈ। ਇਸ ਉਪਲਬਧੀ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕਰਦੇ ਹੋਏ ਕੇਂਦਰੀ ਕੈਬਨਿਟ ਨੇ ਸਰਵ-ਸਹਿਮਤੀ ਨਾਲ ਇੱਕ ਪ੍ਰਸਤਾਵ ਪਾਸ ਕੀਤਾ ਅਤੇ ਦ੍ਰਿੜ੍ਹ ਸੰਕਲਪ ਪ੍ਰਗਟ ਕੀਤਾ ਕਿ ਉਨ੍ਹਾਂ ਦੀ ਕੁਸ਼ਲ ਅਗਵਾਈ ਵਿੱਚ ਭਾਰਤ... ਆਤਮਨਿਰਭਰ, ਸੁਰੱਖਿਅਤ, ਸਮ੍ਰਿੱਧ ਅਤੇ ਸ਼ਾਨਦਾਰ ਰਾਸ਼ਟਰ ਦੇ ਰੂਪ ਵਿੱਚ ਰੋਜ਼ਾਨਾ ਨਵੀਆਂ ਉਚਾਈਆਂ ਨੂੰ ਪ੍ਰਾਪਤ ਕਰਦਾ ਰਹੇਗਾ, ਅਤੇ 2047 ਤੱਕ ਵਿਕਸਿਤ ਰਾਸ਼ਟਰ ਬਣਨ ਦਾ ਮਾਰਗ ਸਸ਼ਕਤ ਕਰੇਗਾ।*

## ਕੇਂਦਰੀ ਕੈਬਨਿਟ ਦਾ ਪ੍ਰਸਤਾਵ

ਅੱਜ 10 ਜੂਨ, 2026 ਦਾ ਦਿਨ, ਭਾਰਤੀ ਲੋਕਤੰਤਰ ਦੀ ਯਾਤਰਾ ਵਿੱਚ ਇੱਕ ਇਤਿਹਾਸਕ ਅਤੇ ਪ੍ਰੇਰਣਾਦਾਇਕ ਪੜਾਅ ਦੇ ਰੂਪ ਵਿੱਚ ਅੰਕਿਤ ਹੋਇਆ ਹੈ। **ਅੱਜ ਸ਼੍ਰੀ ਨਰੇਂਦਰ ਮੋਦੀ ਜੀ, ਚੁਣੇ ਹੋਏ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਸਭ ਤੋਂ ਵੱਧ ਮਿਆਦ ਤੱਕ ਲਗਾਤਾਰ ਦੇਸ਼ ਦੀ ਸੇਵਾ ਕਰਨ ਵਾਲੇ ਪ੍ਰਧਾਨ ਮੰਤਰੀ ਬਣ ਗਏ ਹਨ।** ਉਨ੍ਹਾਂ ਨੇ ਚੁਣੇ ਹੋਏ ਪੀਐੱਮ ਦੇ ਤੌਰ 'ਤੇ 4,399 ਦਿਨਾਂ ਦੀ ਲਗਾਤਾਰ ਸੇਵਾ ਦਾ ਕੀਰਤੀਮਾਨ ਸਥਾਪਿਤ ਕੀਤਾ ਹੈ, ਜੋ ਸੁਤੰਤਰ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ। ਇਸ ਤੋਂ ਪਹਿਲਾਂ, ਸ਼੍ਰੀ ਜਵਾਹਰਲਾਲ ਨਹਿਰੂ ਜੀ, 1952 ਤੋਂ ਲੈ ਕੇ 1964 ਤੱਕ, ਲਗਾਤਾਰ 4,398 ਦਿਨ ਤੱਕ ਇਸ ਅਹੁਦੇ 'ਤੇ ਰਹੇ।

**ਇਹ ਮੌਕਾ ਭਾਰਤ ਦੀ ਲੋਕਤੰਤਰੀ ਚੇਤਨਾ, ਜਨਤਕ ਵਿਸ਼ਵਾਸ ਅਤੇ ਜਨਤਕ ਭਾਗੀਦਾਰੀ ਦੀ ਸ਼ਕਤੀ ਦਾ ਪ੍ਰਤੀਕ ਹੈ।** ਜਦੋਂ ਕੋਈ ਜਨਤਕ ਪ੍ਰਤੀਨਿਧੀ ਰਾਸ਼ਟਰ ਪ੍ਰਥਮ ਦੇ ਸੰਕਲਪ ਦੇ ਨਾਲ ਜਿਉਂਦਾ ਹੈ, ਜਦੋਂ ਉਹ ਸੱਚ, ਨਿਸ਼ਠਾ, ਮਿਹਨਤ, ਇਮਾਨਦਾਰੀ ਅਤੇ ਜੀਵਨ ਦੀ ਸ਼ੁਚਿਤਾ ਨੂੰ ਆਪਣਾ ਮਾਰਗਦਰਸ਼ਕ ਬਣਾਉਂਦਾ ਹੈ... ਇਨ੍ਹਾਂ ਕਦਰਾਂ-ਕੀਮਤਾਂ ਨੂੰ ਲੈ ਕੇ ਲਗਾਤਾਰ ਜਨਤਾ ਦੀ ਸੇਵਾ ਵਿੱਚ ਸਮਰਪਿਤ ਰਹਿੰਦਾ ਹੈ... ਤਦ ਜਨਤਾ-ਜਨਾਰਦਨ ਉਸ ਨੂੰ ਅਭੂਤਪੂਰਵ ਸਮਰਥਨ ਦੇ ਰੂਪ ਵਿੱਚ ਆਪਣਾ ਅਸ਼ੀਰਵਾਦ ਪ੍ਰਦਾਨ ਕਰਦੀ ਹੈ। ਅੱਜ ਦਾ ਇਹ ਇਤਿਹਾਸਕ ਪਲ ਉਸੇ ਜਨ-ਅਸ਼ੀਰਵਾਦ ਦਾ ਪ੍ਰਤੀਬਿੰਬ ਹੈ।

ਕੇਂਦਰੀ ਕੈਬਨਿਟ ਇਸ ਮੌਕੇ 'ਤੇ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਨੂੰ ਹਾਰਦਿਕ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦੀ ਹੈ।

10 ਜੂਨ, 2026 ਨੂੰ ਇਹ ਇਤਿਹਾਸਕ ਉਪਲਬਧੀ, ਕੁਝ ਹੋਰ ਵੱਡੇ ਪੜਾਵਾਂ ਦੇ ਨਾਲ ਆਈ ਹੈ। ਮਾਣਯੋਗ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਐੱਨਡੀਏ ਸਰਕਾਰ ਦੇ ਵੀ 12 ਵਰ੍ਹੇ ਪੂਰੇ ਹੋਏ ਹਨ। ਹੈੱਡ ਆਫ਼ ਦ ਗਵਰਨਮੈਂਟ ਦੇ ਰੂਪ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਜੀ 25 ਵਰ੍ਹਿਆ ਤੋਂ ਲਗਾਤਾਰ ਸੇਵਾ ਦਾ ਵੀ ਇਤਿਹਾਸਕ ਪੜਾਅ ਪਾਰ ਕਰਨ ਵਾਲੇ ਹਨ।

ਇਹ ਵੀ ਜ਼ਿਕਰਯੋਗ ਹੈ ਕਿ ਛੇ ਦਹਾਕੇ ਬਾਅਦ, ਦੇਸ਼ ਨੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਵਿੱਚ ਲਗਾਤਾਰ ਤੀਸਰੀ ਵਾਰ ਐੱਨਡੀਏ ਸਰਕਾਰ ਨੂੰ ਆਦੇਸ਼ ਦਿੱਤਾ ਹੈ। **ਸਾਨੂੰ ਮਾਣ ਹੈ ਕਿ ਸਾਡੀ ਅਗਵਾਈ ਅਜਿਹੇ ਕੁਸ਼ਲ ਹੱਥਾਂ ਵਿੱਚ ਹੈ ਜਿਨ੍ਹਾਂ ਦੇ ਕੋਲ ਸੰਵੇਦਨਸ਼ੀਲਤਾ ਵੀ ਹੈ, ਸੰਜਮ ਵੀ ਹੈ, ਨੀਅਤ ਵੀ ਹੈ ਅਤੇ ਨਿਰਣਾਇਕ ਸਮਰੱਥਾ ਵੀ ਹੈ।**

**ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦਾ ਜੀਵਨ ਸੇਵਾ, ਦਲੇਰੀ ਅਤੇ ਰਾਸ਼ਟਰ ਨਿਰਮਾਣ ਦੇ ਇੱਕ ਟਿਕਾਊ ਸਮਰਪਣ ਦਾ ਪ੍ਰਤੀਕ ਰਿਹਾ ਹੈ।** ਇੱਕ ਸੰਗਠਨ ਕਾਰਜਕਰਤਾ ਅਤੇ ਫਿਰ ਇੱਕ ਰਾਜ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਉਨ੍ਹਾਂ ਦੇ ਵਿਆਪਕ ਅਨੁਭਵ ਦੇ ਕਾਰਨ ਜ਼ਮੀਨੀ ਜ਼ਰੂਰਤਾਂ ਦੀ ਉਨ੍ਹਾਂ ਦੀ ਸਮਝ ਨੇ, ਨੀਤੀਆਂ ਨੂੰ ਵੱਧ ਸੰਵੇਦਨਸ਼ੀਲ, ਵਿਵਹਾਰਕ ਅਤੇ ਨਤੀਜਾਮੁਖੀ ਬਣਾਇਆ ਹੈ।

ਵਰ੍ਹੇ 2014 ਵਿੱਚ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਸੰਸਦ



ਪ੍ਰਧਾਨ ਮੰਤਰੀ ਜੀ ਦੀ ਪ੍ਰੇਰਣਾ ਨਾਲ ਬੀਤੇ 12 ਵਰ੍ਹਿਆਂ ਵਿੱਚ ਵੂਮੈਨ ਲੈੱਡ ਡਿਵੈਲਪਮੈਂਟ ਦਾ ਇੱਕ ਨਵਾਂ ਅਧਿਆਏ ਭਾਰਤ ਦੀ ਵਿਕਾਸ ਯਾਤਰਾ ਵਿੱਚ ਜੁੜਿਆ ਹੈ।

ਉਨ੍ਹਾਂ ਦੇ ਮਾਰਗਦਰਸ਼ਨ ਵਿੱਚ ਸਰਕਾਰ ਨੇ ਹਮੇਸ਼ਾ ਦੇਸ਼ ਦੀਆਂ ਮਹਿਲਾਵਾਂ ਨੂੰ ਆਪਣੀਆਂ ਨੀਤੀਆਂ ਦੇ ਕੇਂਦਰ ਵਿੱਚ ਰੱਖਿਆ ਹੈ। ਸ਼ੌਚਾਲਯ ਦੀ ਸੁਵਿਧਾ ਹੋਵੇ, ਧੂੰਆਂ ਮੁਕਤ ਰਸੋਈ ਹੋਵੇ, ਗਰਭਵਸਥਾ ਦੇ ਸਮੇਂ ਆਰਥਿਕ ਮਦਦ ਹੋਵੇ, ਮੁਦ੍ਰਾ ਯੋਜਨਾ ਹੋਵੇ, ਪੀਐੱਮ ਆਵਾਸ ਮਹਿਲਾਵਾਂ ਦੇ ਨਾਂ ਹੋਣਾ ਹੋਵੇ, ਲਖਪਤੀ ਦੀਦੀ ਅਭਿਆਨ ਹੋਵੇ, ਜਨਮ ਤੋਂ ਲੈ ਕੇ ਜੀਵਨ ਦੇ ਆਖਰੀ ਪਹਿਰ ਤੱਕ, ਜੀਵਨ ਦੇ ਹਰ ਪੜਾਅ 'ਤੇ ਦੇਸ਼ ਦੀਆਂ ਮਹਿਲਾਵਾਂ ਦੇ ਲਈ ਇੱਕ ਪੂਰਾ ਸਪੋਰਟ ਸਿਸਟਮ ਵਿਕਸਿਤ ਕੀਤਾ ਗਿਆ ਹੈ। ਮਹਿਲਾਵਾਂ ਨੂੰ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ 33 ਪ੍ਰਤੀਸ਼ਤ ਰਾਖਵੇਂਕਰਨ ਦਾ ਪ੍ਰਾਵਧਾਨ ਕਰਕੇ, ਦੇਸ਼ ਦੇ ਨੀਤੀ ਨਿਰਮਾਣ ਵਿੱਚ ਉਨ੍ਹਾਂ ਦੀ ਭਾਗੀਦਾਰੀ ਹੋਰ ਵਧਾਉਣ ਦਾ ਯਤਨ ਹੋਇਆ ਹੈ।

ਦੇ ਕੇਂਦਰੀ ਹਾਲ ਵਿੱਚ ਉਨ੍ਹਾਂ ਨੇ ਖ਼ੁਦ ਨੂੰ "ਪ੍ਰਧਾਨ ਸੇਵਕ" ਕਿਹਾ ਸੀ। ਉਨ੍ਹਾਂ ਨੇ ਦੇਸ਼ ਦੇ ਸੰਵਿਧਾਨ ਨੂੰ ਪਵਿੱਤਰ ਗ੍ਰੰਥ ਦੱਸਿਆ ਸੀ ਅਤੇ ਇਹ ਵੀ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਗ਼ਰੀਬਾਂ ਨੂੰ ਸਮਰਪਿਤ ਹੈ। ਸਬਕਾ ਸਾਥ, ਸਬਕਾ ਵਿਕਾਸ ਦੇ ਮੰਤਰ ਨੂੰ, ਸਰਕਾਰ ਦਾ ਆਦਰਸ਼ ਵਾਕ ਬਣਾਉਂਦੇ ਹੋਏ, ਬੀਤੇ 12 ਵਰ੍ਹੇ ਇਨ੍ਹਾਂ ਸੰਕਲਪਾਂ ਦਾ ਪ੍ਰਗਟਾਵਾ ਰਹੇ ਹਨ।

**ਪ੍ਰਧਾਨ ਮੰਤਰੀ ਜੀ ਦੀ ਅਗਵਾਈ ਵਿੱਚ ਭਾਰਤ ਨੇ ਗ਼ਰੀਬ ਭਲਾਈ ਨੂੰ ਸ਼ਾਸਨ ਦੇ ਕੇਂਦਰ ਵਿੱਚ ਸਥਾਪਿਤ ਕੀਤਾ ਹੈ।** ਦੇਸ਼ ਦੇ ਕਰੋੜਾਂ ਲੋਕਾਂ ਤੱਕ ਪਹਿਲੀ ਵਾਰ ਇੰਨੇ ਵੱਡੇ ਪੱਧਰ 'ਤੇ ਪੱਕੇ ਘਰ, ਬਿਜਲੀ, ਗੈਸ ਕਨੈਕਸ਼ਨ, ਸ਼ੁੱਧ ਪੇਅਜਲ, ਸ਼ੌਚਾਲਯ ਜਿਹੀਆਂ ਸੁਵਿਧਾਵਾਂ ਪਹੁੰਚੀਆਂ। ਪਹਿਲੀ ਵਾਰ ਕਰੋੜਾਂ-ਕਰੋੜ ਲੋਕਾਂ ਦੇ ਬੈਂਕ ਖਾਤੇ ਖੁੱਲ੍ਹੇ, ਉਨ੍ਹਾਂ ਨੂੰ ਬਿਨਾ ਕਿਸੇ ਵਿਚੋਲੇ ਦੇ ਸਰਕਾਰੀ ਮਦਦ ਸਿੱਧਾ ਮਿਲਣ ਲਗੀ। ਪਹਿਲੀ ਵਾਰ 80 ਕਰੋੜ ਤੋਂ ਵੱਧ ਨਾਗਰਿਕਾਂ ਨੂੰ ਮੁਫਤ ਰਾਸ਼ਨ ਦੀ ਸੁਵਿਧਾ ਮਿਲੀ ਅਤੇ ਪਹਿਲੀ ਵਾਰ 60 ਕਰੋੜ ਤੋਂ ਵੱਧ ਗ਼ਰੀਬਾਂ ਨੂੰ 5 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦਾ ਭਰੋਸਾ ਮਿਲਿਆ। ਇਨ੍ਹਾਂ ਕਦਮਾਂ ਨਾਲ ਦੇਸ਼ਵਾਸੀਆਂ ਦਾ ਆਤਮਵਿਸ਼ਵਾਸ ਵਧਿਆ ਅਤੇ ਮਾਣ ਦੇ ਨਾਲ ਜੀਵਨ ਜਿਉਣ ਦਾ ਵਿਸ਼ਵਾਸ ਜਾਗਿਆ। ਇਸੇ ਦਾ ਨਤੀਜਾ ਰਿਹਾ ਕਿ 25 ਕਰੋੜ ਤੋਂ ਜ਼ਿਆਦਾ ਲੋਕ ਗ਼ਰੀਬੀ ਨੂੰ ਹਰਾ ਸਕੇ।

**ਪ੍ਰਧਾਨ ਮੰਤਰੀ ਜੀ, ਨੌਜਵਾਨ ਸ਼ਕਤੀ ਨੂੰ ਭਾਰਤ ਦੀ ਸਭ ਤੋਂ ਵੱਡੀ ਪੂੰਜੀ ਮੰਨਦੇ ਹਨ।** ਉਨ੍ਹਾਂ ਦੇ ਮਾਰਗਦਰਸ਼ਨ ਵਿੱਚ, ਹੁਨਰ ਵਿਕਾਸ, ਸਟਾਰਟਅੱਪ ਇੰਡੀਆ, ਇਨੋਵੇਸ਼ਨ, ਡਿਜੀਟਲ ਇਕੌਨਮੀ, ਸਪੋਰਟਸ, ਉੱਦਮਤਾ ਅਤੇ ਫਿਟਨੈੱਸ ਨੂੰ ਅਭੂਤਪੂਰਵ ਬਲ ਮਿਲਿਆ ਹੈ। ਬੀਤੇ 12 ਵਰ੍ਹਿਆ ਵਿੱਚ ਭਾਰਤ ਦੁਨੀਆ ਦਾ ਤੀਜਾ ਵੱਡਾ ਸਟਾਰਟਅੱਪ ਈਕੋਸਿਸਟਮ ਬਣਿਆ ਹੈ ਅਤੇ ਹੁਣ ਸਾਡਾ ਦੇਸ਼ ਦੁਨੀਆ ਦੀ ਇੱਕ ਵੱਡੀ ਖੇਡ ਸ਼ਕਤੀ ਦੇ ਰੂਪ ਵਿੱਚ ਵੀ ਉਭਰ ਰਿਹਾ ਹੈ। ਭਾਰਤ ਨੇ ਮਿਸ਼ਨ ਚੰਦ੍ਰਯਾਨ ਦੇ ਤਹਿਤ ਚੰਨ ਦੇ ਦੱਖਣੀ ਧਰੁਵ 'ਤੇ ਤਿਰੰਗਾ ਲਹਿਰਾ ਕੇ ਦੁਨੀਆ ਨੂੰ ਆਪਣੀ ਵਧਦੀ ਵਿਗਿਆਨਕ ਸਮਰੱਥਾ ਦਾ ਵੀ ਪਰਿਚੈ ਦਿੱਤਾ ਹੈ।

ਵਿਕਸਿਤ ਭਾਰਤ ਦੇ ਜਿਨ੍ਹਾਂ ਚਾਰ ਥੰਮ੍ਹਾਂ ਦੀ ਗੱਲ ਮਾਣਯੋਗ ਪ੍ਰਧਾਨ ਮੰਤਰੀ ਜੀ ਕਰਦੇ ਹਨ, ਉਨ੍ਹਾਂ ਵਿੱਚੋਂ ਇੱਕ ਪ੍ਰਮੁੱਖ ਥੰਮ੍ਹ ਸਾਡੇ ਕਿਸਾਨ ਹਨ। ਬੀਤੇ 12 ਵਰ੍ਹਿਆਂ ਵਿੱਚ ਕਿਸਾਨਾਂ ਦੇ ਲਈ ਨਵੇਂ ਵੈਰਾਇਟੀ ਬੀਜ, ਕਈ ਅਧੂਰੇ ਸਿੰਚਾਈ ਪ੍ਰੋਜੈਕਟਾਂ ਨੂੰ ਪੂਰਾ ਕਰਨਾ, ਪੀਐੱਮ ਕਿਸਾਨ ਸਨਮਾਨ ਨਿਧੀ ਦੇਣਾ, MSP ਵਿੱਚ ਵਾਧਾ ਅਤੇ ਸਰਕਾਰੀ ਖਰੀਦ ਵਿੱਚ ਵਾਧਾ, ਅਜਿਹੇ ਕਈ ਕਦਮ ਚੁੱਕੇ ਗਏ ਹਨ। ਖਾਸ ਤੌਰ 'ਤੇ ਛੋਟੇ ਕਿਸਾਨਾਂ, ਪਸ਼ੂ ਪਾਲਕਾਂ ਅਤੇ ਮਛੇਰਿਆਂ ਦੇ ਲਈ ਬੇਮਿਸਾਲ ਕੰਮ ਕੀਤੇ ਗਏ ਹਨ। ਪਸ਼ੂਪਾਲਕਾਂ ਅਤੇ ਮਛੇਰਿਆਂ ਨੂੰ ਕਿਸਾਨ ਕ੍ਰੈਡਿਟ ਕਾਰਡ ਦੇਣ ਦੇ ਮਾਣਯੋਗ ਪੀਐੱਮ ਦੇ ਫੈਸਲੇ ਦਾ ਲਾਭ ਲੱਖਾਂ

ਲੋਕਾਂ ਨੂੰ ਹੋ ਰਿਹਾ ਹੈ। **ਅੱਜ ਭਾਰਤ ਦਾ ਖੇਤੀਬਾੜੀ ਨਿਰਯਾਤ ਵਧ ਕੇ 5 ਲੱਖ ਕਰੋੜ ਰੁਪਏ ਦੇ ਪਾਰ ਹੋ ਗਿਆ ਹੈ। ਇਹ ਮਾਣਯੋਗ ਪੀਐੱਮ ਦੀ ਕਿਸਾਨ ਭਲਾਈ ਨਾਲ ਜੁੜੀਆਂ ਨੀਤੀਆਂ ਦਾ ਹੀ ਸਪਸ਼ਟ ਪ੍ਰਭਾਵ ਹੈ।**

**ਪ੍ਰਧਾਨ ਮੰਤਰੀ ਜੀ ਰਾਸ਼ਟਰ ਪ੍ਰਥਮ ਦੇ ਭਾਵ ਨਾਲ ਵੱਡੇ ਫੈਸਲੇ ਲੈਣ ਵਿੱਚ ਕਦੇ ਪਿੱਛੇ ਨਹੀਂ ਹਟੇ।** ਇਹੀ ਕਾਰਨ ਹੈ ਕਿ ਜੋ ਫੈਸਲੇ, ਜੋ ਰਿਫੌਰਮਸ ਬੀਤੇ ਕਈ ਦਹਾਕਿਆਂ ਤੋਂ ਲੰਬਿਤ ਸਨ, ਉਹ ਅੱਜ ਸੱਚਾਈ ਬਣ ਚੁੱਕੇ ਹਨ। ਜੰਮੂ ਕਸ਼ਮੀਰ ਤੋਂ ਆਰਟੀਕਲ-370 ਨੂੰ ਹਟਾਉਣਾ, GST ਲਾਗੂ ਕਰਨਾ, OROP ਲਾਗੂ ਕਰਨਾ, CDS ਅਹੁਦੇ ਦਾ ਗਠਨ ਕਰਨਾ, ਗ਼ਰੀਬਾਂ ਨੂੰ 10 ਪ੍ਰਤੀਸ਼ਤ ਰਿਜ਼ਰਵੇਸ਼ਨ ਦੇਣਾ, ਐਨਿਮੀ ਪ੍ਰਾਪਰਟੀ ਐਕਟ ਲਾਗੂ ਕਰਨਾ, CAA ਕਾਨੂੰਨ ਬਣਾਉਣਾ, ਤਿੰਨ ਤਲਾਕ ਦੇ ਖਿਲਾਫ ਕਾਨੂੰਨ ਬਣਾਉਣਾ, ਵਕਫ ਕਾਨੂੰਨ ਵਿੱਚ ਸੰਸ਼ੋਧਨ ਕਰਨਾ, ਪਰਮਾਣੂ ਖੇਤਰ ਵਿੱਚ ਰਿਫੌਰਮ ਦੇ ਲਈ ਸ਼ਾਂਤੀ ਕਾਨੂੰਨ ਬਣਾਉਣਾ, ਭਾਰਤੀਯ ਨਯਾਯ ਸੰਹਿਤਾ ਲਾਗੂ ਕਰਨਾ, ਦਰਜਨਾਂ ਕਿਰਤ ਕਾਨੂੰਨਾਂ ਨੂੰ 4 ਕੋਡਸ ਵਿੱਚ ਸਮੇਟਨਾ, ਅਜਿਹੇ ਕਈ ਵੱਡੇ ਫੈਸਲੇ ਮਾਣਯੋਗ ਪੀਐੱਮ ਦੇ ਨਿਰਣਾਇਕ ਅਕਸ ਨੂੰ ਮਜ਼ਬੂਤ ਕਰਦੇ ਹਨ।

**ਪ੍ਰਧਾਨ ਮੰਤਰੀ ਜੀ ਨੇ ਰਾਸ਼ਟਰੀ ਸੁਰੱਖਿਆ ਨੂੰ ਨਵਾਂ ਆਯਾਮ ਦਿੱਤਾ ਹੈ, ਨਵੀਂ ਬੁਲੰਦੀ ਦਿੱਤੀ ਹੈ। ਅੱਤਵਾਦ ਦੇ ਵਿਰੁੱਧ ਕਠੋਰ ਕਦਮ ਚੁੱਕਣ ਦਾ ਕ੍ਰੈਡਿਟ ਉਨ੍ਹਾਂ ਦੀ ਅਗਵਾਈ ਨੂੰ ਹੀ ਜਾਂਦਾ ਹੈ।** ਪਹਿਲੀ ਵਾਰ, ਸੀਮਾ ਪਾਰ ਅੱਤਵਾਦ ਦੇ ਕੈਂਪਾਂ 'ਤੇ ਸਰਜੀਕਲ ਸਟ੍ਰਾਈਕ ਕੀਤੀ ਗਈ। ਪਹਿਲੀ ਵਾਰ, ਸੀਮਾ-ਪਾਰ ਏਅਰ ਸਟ੍ਰਾਈਕ ਕੀਤੀ ਗਈ। ਪਹਿਲੀ ਵਾਰ, ਆਪ੍ਰੇਸ਼ਨ ਸਿੰਦੂਰ ਦੇ ਰੂਪ ਵਿੱਚ, ਪਾਕਿਸਤਾਨ ਦੇ ਉਨ੍ਹਾਂ ਖੇਤਰਾਂ ਨੂੰ ਵੀ ਟਾਰਗੇਟ ਕੀਤਾ ਗਿਆ, ਜੋ ਅਸੰਭਵ ਸਨ। ਮਾਣਯੋਗ ਪੀਐੱਮ ਦੇ ਨਿਰਦੇਸ਼ਾਂ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਦੇ ਨਾਲ ਦਹਾਕਿਆਂ ਪਹਿਲਾਂ ਕੀਤੇ ਗਏ ਅਨਿਆਂਪੂਰਣ ਸਿੰਧੂ ਨਦੀ ਸਮਝੌਤੇ ਨੂੰ ਰੱਦ ਕੀਤੀ ਗਈ ਸਥਿਤੀ ਵਿੱਚ ਰੱਖ ਦਿੱਤਾ ਹੈ। ਹੁਣ ਭਾਰਤ ਦਾ ਪਾਣੀ ਭਾਰਤ ਦੇ ਕਿਸਾਨਾਂ ਦੇ ਕੰਮ ਆਵੇਗਾ।

**ਮਾਣਯੋਗ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਭਾਰਤ ਨਕਸਲਵਾਦ ਤੋਂ ਪੂਰੀ ਤਰ੍ਹਾਂ ਮੁਕਤ ਹੋ ਰਿਹਾ ਹੈ।** ਉੱਤਰ-ਪੂਰਬ ਵਿੱਚ ਕਈ ਸਥਾਈ ਸ਼ਾਂਤੀ ਸਮਝੌਤੇ ਕੀਤੇ ਗਏ ਹਨ, ਜਿਸ ਨਾਲ ਉੱਥੇ ਬੇਮਿਸਾਲ ਸ਼ਾਂਤੀ ਸਥਾਪਿਤ ਹੋ ਰਹੀ ਹੈ। ਬੰਗਲਾਦੇਸ਼ ਦੇ ਨਾਲ ਦਹਾਕਿਆਂ ਤੋਂ ਲੰਬਿਤ ਸਰਹੱਦੀ ਵਿਵਾਦ ਨੂੰ ਵੀ ਸੁਲਝਾਇਆ ਗਿਆ ਹੈ।

**ਪ੍ਰਧਾਨ ਮੰਤਰੀ ਜੀ ਦਾ ਇਹ ਦ੍ਰਿੜ੍ਹ ਵਿਸ਼ਵਾਸ ਰਿਹਾ ਹੈ ਕਿ ਆਤਮਨਿਰਭਰ ਹੋਏ ਬਿਨਾ ਭਾਰਤ ਵਿਕਸਿਤ ਨਹੀਂ ਹੋ ਸਕਦਾ।** ਇਸੇ ਪ੍ਰੇਰਣਾ ਨਾਲ, ਮੇਕ ਇਨ ਇੰਡੀਆ ਅਤੇ ਆਤਮਨਿਰਭਰ ਭਾਰਤ ਅਭਿਆਨ ਨੂੰ ਗਤੀ ਮਿਲੀ ਹੈ। ਅੱਜ ਭਾਰਤ, ਡਿਫੈਂਸ, ਇਲੈਕਟ੍ਰੌਨਿਕਸ, ਆਟੋਮੋਬਾਈਲ, ਫਾਰਮਾ, ਅਜਿਹੇ ਕਈ ਖੇਤਰਾਂ ਵਿੱਚ ਮੈਨੂਫੈਕਚਰਿੰਗ ਅਤੇ ਐਕਸਪੋਰਟ ਦੇ ਨਵੇਂ ਰਿਕਾਰਡ ਬਣਾ ਰਿਹਾ ਹੈ। ਨਾਲ ਹੀ, ਸੈਮੀਕੰਡਕਟਰ, ਗ੍ਰੀਨ ਐਨਰਜੀ, ਪੁਲਾੜ ਤਕਨਾਲੋਜੀ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿੱਚ ਵੀ ਸ਼ਲਾਘਾਯੋਗ ਕਾਰਜ ਕਰ ਰਿਹਾ ਹੈ।

**ਪ੍ਰਧਾਨ ਮੰਤਰੀ ਜੀ ਦੀ ਅਗਵਾਈ ਵਿੱਚ ਭਾਰਤ ਦੀ ਆਲਮੀ ਭੂਮਿਕਾ ਵੀ ਬੇਮਿਸਾਲ ਤੌਰ 'ਤੇ ਸਸ਼ਕਤ ਹੋਈ ਹੈ।** ਆਲਮੀ ਮੰਚਾਂ 'ਤੇ ਭਾਰਤ ਦੀ ਆਵਾਜ਼ ਨੂੰ ਨਵੀਂ ਪ੍ਰਤਿਸ਼ਠਾ ਪ੍ਰਾਪਤ ਹੋਈ ਹੈ। ਜੀ-20 ਦੀ ਸਫਲ ਪ੍ਰਧਾਨਗੀ, ਗਲੋਬਲ ਸਾਊਥ ਦੀਆਂ ਇੱਛਾਵਾਂ ਨੂੰ ਸਵਰ ਦੇਣਾ ਅਤੇ ਵੱਖ-ਵੱਖ ਆਲਮੀ ਪਹਿਲਕਦਮੀਆਂ ਵਿੱਚ ਭਾਰਤ ਦੀ ਮੋਹਰੀ ਭੂਮਿਕਾ ਨੇ ਦੇਸ਼ ਦੀ ਅੰਤਰਰਾਸ਼ਟਰੀ ਪ੍ਰਤਿਸ਼ਠਾ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ। ਪ੍ਰਧਾਨ ਮੰਤਰੀ ਜੀ ਦੇ ਯਤਨਾਂ ਨਾਲ 170 ਤੋਂ ਵੱਧ ਦੇਸ਼ ਇਕਜੁੱਟ ਹੋਏ ਅਤੇ ਸੰਯੁਕਤ ਰਾਸ਼ਟਰ ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਐਲਾਨ ਕੀਤਾ।



**ਪ੍ਰਧਾਨ ਮੰਤਰੀ ਜੀ ਦੀ ਅਗਵਾਈ ਵਿੱਚ, ਜਲਵਾਯੂ ਪਰਿਵਰਤਨ ਅਤੇ ਟਿਕਾਊ ਵਿਕਾਸ ਦੇ ਖੇਤਰ ਵਿੱਚ ਵੀ ਭਾਰਤ ਨੇ ਵਿਸ਼ਵ ਦੇ ਸਾਹਮਣੇ ਇੱਕ ਜ਼ਿੰਮੇਦਾਰ ਅਤੇ ਪ੍ਰੇਰਕ ਮਾਡਲ ਪੇਸ਼ ਕੀਤਾ ਹੈ।** ਭਾਰਤ ਨੇ ਇੰਟਰਨੈਸ਼ਨਲ ਸੋਲਰ ਅਲਾਇੰਸ **Coalition for Disaster Resilient Infrastructure** ਅਤੇ ਗਲੋਬਲ ਬਾਇਓਫਿਊਲ ਅਲਾਇੰਸ ਜਿਹੀਆ ਕਈ ਪਹਿਲਕਦਮੀਆਂ ਕੀਤੀਆਂ ਹਨ। ਮਿਸ਼ਨ LiFE ਅਤੇ 'ਏਕ ਪੇੜ ਮਾਂ ਕੇ ਨਾਮ' ਜਿਹੇ ਜਨਤਕ ਅੰਦੋਲਨਾਂ ਨੂੰ ਪ੍ਰਧਾਨ ਮੰਤਰੀ ਜੀ ਨੇ, ਆਲਮੀ ਮੰਚਾਂ 'ਤੇ ਭਾਰਤ ਦੇ ਯੋਗਦਾਨ ਦੇ ਰੂਪ ਵਿੱਚ ਸਥਾਪਿਤ ਕੀਤਾ ਹੈ। 'ਕੈਚ ਦ ਰੇਨ' ਅਤੇ ਅੰਮ੍ਰਿਤ ਸਰੋਵਰ ਜਿਹੇ ਅਭਿਆਨਾਂ ਨੇ ਜਲ ਸੰਭਾਲ ਦੇ ਨਾਲ ਹੀ, ਨੌਜਵਾਨ ਪੀੜ੍ਹੀ ਨੂੰ ਇਸ ਜ਼ਿੰਮੇਵਾਰੀ ਦੇ ਪ੍ਰਤੀ ਜਾਗਰੂਕ ਕੀਤਾ ਹੈ।

**ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ, ਜਦੋਂ ਵਿਕਾਸ ਅਤੇ ਵਿਰਾਸਤ ਨੂੰ ਇਕੱਠੇ ਲੈ ਕੇ ਅੱਗੇ ਵਧਿਆ ਜਾ ਰਿਹਾ ਹੈ।** ਇਸ ਨਾਲ ਭਾਰਤ ਦੀ ਸੱਭਿਆਚਾਰਕ ਚੇਤਨਾ ਦਾ ਪੁਨਰਜਾਗਰਣ ਹੋਇਆ ਹੈ। ਮਾਣਯੋਗ ਪੀਐੱਮ ਨੇ ਦੇਸ਼ ਨੂੰ ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ, ਰਾਸ਼ਟਰੀ ਮਾਣ ਦੀ ਮੁੜ ਸਥਾਪਨਾ ਅਤੇ ਆਪਣੀ ਸੱਭਿਅਤਾ ਦੀ ਵਿਰਾਸਤ 'ਤੇ ਮਾਣ ਕਰਨ ਦੀ ਤਾਕੀਦ ਕੀਤੀ।



ਅੱਜ ਇਸ ਦੇ ਵੀ ਨਤੀਜੇ ਦੇਖ ਰਿਹਾ ਹੈ। ਨਵਾਂ ਸੰਸਦ ਭਵਨ, ਸੇਵਾ ਤੀਰਥ, ਕਰਤਵਯ ਪਥ ਅਤੇ ਕਰਤਵਯ ਭਵਨ, ਅਜਿਹੇ ਕਈ ਨਿਰਮਾਣ ਨਵੇਂ ਭਾਰਤ ਦੇ ਨਵੇਂ ਆਤਮਵਿਸ਼ਵਾਸ ਦੇ ਪ੍ਰਤੀਕ ਬਣੇ ਹਨ।

ਪ੍ਰਧਾਨ ਮੰਤਰੀ ਜੀ ਨੇ ਜਨਭਾਗੀਦਾਰੀ ਨੂੰ ਪਰਿਵਰਤਨ ਦਾ ਮਾਧਿਅਮ ਬਣਾਇਆ ਹੈ। ਸਵੱਛ ਭਾਰਤ ਅਭਿਆਨ ਹੋਵੇ, ਬੇਟੀ ਬਚਾਓ ਬੇਟੀ ਪੜ੍ਹਾਓ ਅਭਿਆਨ ਹੋਵੇ, ਜਾਂ ਫਿਰ LPG ਸਬਸਿਡੀ ਨੂੰ ਛੱਡਣ ਦੀ ਤਾਕੀਦ ਹੋਵੇ, ਇਹ ਬੀਤੇ ਵਰ੍ਹਿਆਂ ਵਿੱਚ ਜਨਤਾ ਦੇ ਸਮੂਹਿਕ ਯਤਨਾਂ ਦਾ ਬਹੁਤ ਵੱਡਾ ਮਾਧਿਅਮ ਬਣੇ ਹਨ। ਜਨਭਾਗੀਦਾਰੀ ਨਾਲ ਪਰਿਵਰਤਨ ਦੀ ਇਸੇ ਪ੍ਰੇਰਣਾ ਨਾਲ ਦੇਸ਼ ਨੇ ਕੋਰੋਨਾ ਜਿਹੀ ਮਹਾਮਾਰੀ ਦਾ ਸਫਲਤਾਪੂਰਵਕ ਸਾਹਮਣਾ ਕੀਤਾ ਅਤੇ ਵਰਤਮਾਨ ਵਿੱਚ ਵੀ ਇੱਕ ਬਹੁਤ ਵੱਡੇ ਆਲਮੀ ਸੰਕਟ ਦਾ 140 ਕਰੋੜ ਦੇਸ਼ਵਾਸੀ ਮਿਲ ਕੇ ਸਾਹਮਣਾ ਕਰ ਰਹੇ ਹਨ।

ਕੇਂਦਰੀ ਕੈਬਨਿਟ ਇਹ ਵੀ ਰੇਖਾਂਕਿਤ ਕਰਦੀ ਹੈ ਕਿ ਪਿਛਲੇ 12 ਵਰ੍ਹਿਆਂ ਵਿੱਚ ਦੇਸ਼ ਨੂੰ ਪ੍ਰਾਪਤ ਰਾਜਨੀਤਿਕ ਸਥਿਰਤਾ ਨੇ ਵਿਕਾਸ ਦੀ ਗਤੀ ਨੂੰ ਬੇਮਿਸਾਲ ਬਲ ਪ੍ਰਦਾਨ ਕੀਤਾ ਹੈ। ਬੀਤੇ ਵਰ੍ਹਿਆਂ ਵਿੱਚ ਜਿੰਨੀ ਤੇਜ਼ੀ ਨਾਲ ਭਾਰਤ ਦਾ ਇਨਫ੍ਰਾਸਟ੍ਰਕਚਰ ਲੈਂਡਸਕੇਪ ਬਦਲਿਆ ਹੈ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਭਾਰਤ ਦੀ ਰਾਜਨੀਤਿਕ ਸਥਿਰਤਾ ਨਾਲ ਦੇਸ਼ ਦੇ ਆਲਮੀ ਪ੍ਰਭਾਵ ਅਤੇ ਆਲਮੀ ਨਿਵੇਸ਼ਕਾਂ ‘ਤੇ ਵੀ ਇੱਕ ਸਕਾਰਾਤਮਕ ਅਸਰ ਹੋਇਆ ਹੈ।

ਬੀਤੇ 12 ਵਰ੍ਹਿਆਂ ਵਿੱਚ ਪ੍ਰਧਾਨ ਮੰਤਰੀ ਜੀ ਦੀ ਅਗਵਾਈ, ਸ਼ਾਸਨ ਵਿੱਚ ਗਤੀਸ਼ੀਲਤਾ, ਫੈਸਲਿਆਂ ਵਿੱਚ ਪਾਰਦਰਸ਼ਿਤਾ ਅਤੇ ਨੀਤੀਆਂ ਵਿੱਚ ਦੂਰਦਰਸ਼ਿਤਾ ਦਾ ਰਿਹਾ ਹੈ। ਜਿਸ ਨਾਲ ਭਾਰਤ, ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਿਕਸਿਤ ਹੁੰਦੀ, ਵੱਡੀ ਅਰਥਵਿਵਸਥਾ ਬਣ ਪਾਇਆ ਹੈ।

## ਕੇਂਦਰੀ ਕੈਬਨਿਟ

1. ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਨੂੰ ਇਸ ਇਤਿਹਾਸਕ ਉਪਲਬਧੀ ‘ਤੇ ਹਾਰਦਿਕ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦੀ ਹੈ।
2. ਗ਼ਰੀਬ ਭਲਾਈ ਅਤੇ ਵਾਂਝੇ ਵਰਗਾਂ ਦੇ ਸਸ਼ਕਤੀਕਰਣ ਲਈ ਉਨ੍ਹਾਂ ਦੀ ਅਗਵਾਈ ਵਿੱਚ ਹੋਏ ਕਾਰਜਾਂ ਦੇ ਲਈ ਧੰਨਵਾਦ ਪ੍ਰਗਟ ਕਰਦੀ ਹੈ।
3. ਉਨ੍ਹਾਂ ਦੀ ਅਗਵਾਈ ਵਿੱਚ ਭਾਰਤ ਦੇ 25 ਕਰੋੜ ਤੋਂ ਵੱਧ ਗ਼ਰੀਬਾਂ ਨੇ, ਗ਼ਰੀਬੀ ਨੂੰ ਹਰਾ ਦਿੱਤਾ ਹੈ, ਇਸ ਦੇ ਲਈ ਮਾਣਯੋਗ ਪੀਐੱਮ ਦੀ ਨੀਤੀਆਂ ਦੀ ਸ਼ਲਾਘਾ ਕਰਦੀ ਹੈ।
4. ਰਾਸ਼ਟਰ ਸੇਵਾ ਦੇ ਪ੍ਰਤੀ ਉਨ੍ਹਾਂ ਦੇ ਅਟੁੱਟ ਸਮਰਪਣ ਅਤੇ ਅਣਥੱਕ ਮਿਹਨਤ ਦੇ ਲਈ ਸ਼ੁਕਰਗੁਜ਼ਾਰੀ ਪ੍ਰਗਟ ਕਰਦੀ ਹੈ।
5. ਸਮਾਵੇਸ਼ੀ ਵਿਕਾਸ ਅਤੇ ਸਮਾਜਿਕ ਨਿਆਂ ਦੀ ਦਿਸ਼ਾ ਵਿੱਚ ਕੀਤੇ ਗਏ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕਰਦੀ ਹੈ।
6. ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਅਤੇ ਭਾਰਤ ਦੇ ਹਿਤਾਂ ਦੀ ਰੱਖਿਆ ਲਈ ਉਨ੍ਹਾਂ ਦੀ ਅਗਵਾਈ ਦੀ ਪ੍ਰਸ਼ੰਸਾ ਕਰਦੀ ਹੈ।
7. ਵਿਕਸਿਤ ਭਾਰਤ ਦੇ ਨਿਰਮਾਣ ਦੇ ਉਨ੍ਹਾਂ ਦੇ ਦੂਰਦਰਸ਼ੀ ਸੰਕਲਪ ਅਤੇ ਅਗਵਾਈ ਦੇ ਪ੍ਰਤੀ ਆਪਣਾ ਪੂਰਨ ਸਮਰਥਨ ਪ੍ਰਗਟ ਕਰਦੀ ਹੈ।

ਅਤੇ ਨਾਲ ਹੀ, ਕੇਂਦਰੀ ਕੈਬਨਿਟ, ਮਾਣਯੋਗ ਪ੍ਰਧਾਨ ਮੰਤਰੀ ਜੀ ਦੀ ਉੱਤਮ ਸਿਹਤ ਦੇ ਲਈ, ਉਨ੍ਹਾਂ ਦੀ ਲੰਬੀ ਉਮਰ ਦੇ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੰਦੀ ਹੈ।

ਕੇਂਦਰੀ ਕੈਬਨਿਟ ਵਿਸ਼ਵਾਸ ਪ੍ਰਗਟ ਕਰਦੀ ਹੈ ਕਿ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਵਿੱਚ ਭਾਰਤ..... ਆਤਮਨਿਰਭਰ, ਸੁਰੱਖਿਅਤ, ਖੁਸ਼ਹਾਲ ਅਤੇ ਸ਼ਾਨਦਾਰ ਰਾਸ਼ਟਰ ਦੇ ਰੂਪ ਵਿੱਚ ਨਵੀਆਂ ਉਚਾਈਆਂ ਨੂੰ ਪ੍ਰਾਪਤ ਕਰਦਾ ਰਹੇਗਾ ਅਤੇ 2047 ਤੱਕ ਵਿਕਸਿਤ ਰਾਸ਼ਟਰ ਬਣਨ ਦਾ ਰਾਹ ਪੱਧਰਾ ਕਰੇਗਾ।

# ਇਤਿਹਾਸਕ ਅਗਵਾਈ, ਆਲਮੀ ਸ਼ਲਾਘਾ

# ਨਵਾਂ ਭਾਰਤ, ਸਮਰੱਥ ਭਾਰਤ

*ਲੋਕਤੰਤਰੀ ਅਗਵਾਈ ਦੇ ਇੱਕ ਇਤਿਹਾਸਕ ਮੀਲ ਪੱਥਰ ਨੂੰ ਛੂੰਹਦੇ ਹੋਏ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਾਰਤ ਦੇ ਸਭ ਤੋਂ ਲੰਬੇ ਸਮੇਂ ਤੱਕ ਲਗਾਤਾਰ ਸੇਵਾ ਕਰਨ ਵਾਲੇ ਚੁਣੇ ਹੋਏ ਪ੍ਰਧਾਨ ਮੰਤਰੀ ਬਣੇ। ਇਸ ਸ਼ਾਨਦਾਰ ਮੌਕੇ 'ਤੇ ਆਲਮੀ ਆਗੂਆਂ ਨੇ ਉਨ੍ਹਾਂ ਦੇ ਪਰਿਵਰਤਨਕਾਰੀ ਸ਼ਾਸਨ, ਸਮਾਵੇਸ਼ੀ ਅਤੇ ਸਸ਼ਕਤ ਭਾਰਤ ਦੇ ਵਿਜ਼ਨ ਅਤੇ 'ਗਲੋਬਲ ਸਾਊਥ' ਦੀ ਮੁੱਖ ਆਵਾਜ਼ ਬਣਨ ਦੇ ਲਈ ਆਲਮੀ ਮੰਚ ਤੋਂ ਭੇਜੇ ਵਧਾਈਆਂ ਦੇ ਸੰਦੇਸ਼...*

ਭਾਰਤ ਦੇ ਸਭ ਤੋਂ ਲੰਬੇ ਸਮੇਂ ਤੱਕ ਲਗਾਤਾਰ ਸੇਵਾ ਕਰਨ ਵਾਲੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਪ੍ਰਧਾਨ ਮੰਤਰੀ ਬਣਨ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦੁਨੀਆ ਭਰ ਦੇ ਆਗੂਆਂ ਤੋਂ ਵਧਾਈਆਂ ਦੇ ਸੰਦੇਸ਼ ਪ੍ਰਾਪਤ ਹੋਏ। ਵਧਾਈ ਦਾ ਸੰਦੇਸ਼ ਦਿੰਦੇ ਹੋਏ ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਤੋਬਗੇ ਨੇ ਜਿੱਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਿੱਤਰ, ਭਰਾ ਅਤੇ ਮਾਰਗਦਰਸ਼ਕ ਦੱਸਿਆ, ਉੱਥੇ ਹੀ ਸ੍ਰੀਲੰਕਾ ਦੇ ਰਾਸ਼ਟਰਪਤੀ ਅਨੁਰਾ ਕੁਮਾਰਾ ਦਿਸਾਨਾਇਕੇ ਨੇ ਉਨ੍ਹਾਂ ਨੂੰ ਦਿਲੋਂ ਵਧਾਈਆਂ ਦਿੱਤੀਆਂ ਅਤੇ ਦੋਵੇਂ ਦੇਸ਼ਾਂ ਦਰਮਿਆਨ ਲੰਬੇ ਸਮੇਂ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਸ੍ਰੀਲੰਕਾ ਦੀ ਵਚਨਬੱਧਤਾ ਨੂੰ ਦਰਸਾਇਆ।



**ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬ੍ਰਾਹਿਮ ਨੇ ਵੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇਸ ਇਤਿਹਾਸਕ ਉਪਲਬਧੀ 'ਤੇ ਵਧਾਈਆਂ ਦਿੱਤੀਆਂ। ਇਸ ਨੂੰ ਉਨ੍ਹਾਂ ਦੇ ਵਰ੍ਹਿਆਂ ਦੇ ਸਮਰਪਿਤ ਲੋਕ ਸੇਵਾ ਅਤੇ ਅਗਵਾਈ ਦਾ ਪ੍ਰਮਾਣ ਦੱਸਿਆ। ਉਨ੍ਹਾਂ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਲਈ ਮੌਕਿਆਂ ਦਾ ਵਿਸਤਾਰ ਕਰਨ ਦੇ ਪ੍ਰਤੀ ਮਲੇਸ਼ੀਆ ਦੀ ਵਚਨਬੱਧਤਾ ਨੂੰ ਦੁਹਰਾਇਆ।**



ਨਾਇਜ਼ੀਰੀਆ ਦੇ ਰਾਸ਼ਟਰਪਤੀ ਬੋਲਾ ਅਹਿਮਦ ਟਿਨੂਬੂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਇਸ ਉਪਲਬਧੀ 'ਤੇ ਵਧਾਈਆਂ ਦਿੱਤੀਆਂ। ਲਗਾਤਾਰ ਤਿੰਨ ਕਾਰਜਕਾਲਾਂ ਵਿੱਚ ਭਾਰਤ ਦੀ ਜਨਤਾ ਵੱਲੋਂ ਉਨ੍ਹਾਂ ਦੀ ਅਗਵਾਈ 'ਤੇ ਪ੍ਰਗਟਾਏ ਗਏ ਵਿਸ਼ਵਾਸ ਅਤੇ ਭਰੋਸੇ ਦਾ ਜ਼ਿਕਰ ਕੀਤਾ। ਉੱਥੇ ਕੀਨੀਆ ਦੇ ਰਾਸ਼ਟਰਪਤੀ ਵਿਲੀਅਮ ਸਮੋਈ ਰੂਟੋ ਨੇ ਵੀ ਇਸ ਇਤਿਹਾਸਕ ਉਪਲਬਧੀ 'ਤੇ ਪੀਐੱਮ ਮੋਦੀ ਨੂੰ ਵਧਾਈਆਂ ਦਿੱਤੀਆਂ।

ਇਟਲੀ ਦੇ ਪ੍ਰਧਾਨ ਮੰਤਰੀ, ਜੌਰਜੀਆ ਮੈਲੋਨੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਚੁਣੇ ਗਏ ਪ੍ਰਧਾਨ ਮੰਤਰੀ ਬਣਨ 'ਤੇ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਰੋਮ ਵਿੱਚ ਹੋਈ ਆਪਣੀ ਹਾਲੀਆ ਮੁਲਾਕਾਤ ਨੂੰ ਯਾਦ ਕੀਤਾ। ਦੋਵਾਂ ਦੇਸ਼ਾਂ ਅਤੇ ਉਨ੍ਹਾਂ ਦੀ ਜਨਤਾ ਦੇ ਹਿਤ ਵਿੱਚ ਭਾਰਤ ਅਤੇ ਇਟਲੀ ਦਰਮਿਆਨ ਵਿਸ਼ੇਸ਼ ਰਣਨੀਤਕ ਸਾਂਝੇਦਾਰੀ ਨੂੰ ਅੱਗੇ ਵਧਾਉਣ ਦੀ ਆਪਣੀ ਪ੍ਰਤੀਬੱਧਤਾ ਪ੍ਰਗਟ ਕੀਤੀ।



- ਦੱਖਣ ਕੋਰੀਆ ਦੇ ਰਾਸ਼ਟਰਪਤੀ ਲੀ ਜੇ-ਮਯੋਂਗ ਨੇ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਪ੍ਰਧਾਨ ਮੰਤਰੀ ਬਣਨ 'ਤੇ ਪੀਐੱਮ ਮੋਦੀ ਨੂੰ ਵਧਾਈਆਂ ਦਿੱਤੀਆਂ।
- ਡੈੱਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੈਡਰਿਕਸਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਭਾਰਤ ਦੇ ਸਭ ਤੋਂ ਲੰਬੇ ਸਮੇਂ ਤੱਕ ਲਗਾਤਾਰ ਸੇਵਾ ਕਰਨ ਵਾਲੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਪ੍ਰਧਾਨ ਮੰਤਰੀ ਬਣਨ ਦੀ ਉਪਲਬਧੀ 'ਤੇ ਵਧਾਈਆਂ ਦਿੱਤੀ।



- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟ੍ਰੰਪ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਭਾਰਤ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਚੁਣੇ ਹੋਏ ਪ੍ਰਧਾਨ ਮੰਤਰੀ ਬਣਨ 'ਤੇ ਵਧਾਈਆਂ ਦਿੱਤੀ।



ਸਾਇਪ੍ਰਸ ਦੇ ਰਾਸ਼ਟਰਪਤੀ, ਨਿਕੋਸ ਕ੍ਰਿਸਟੋਡੌਲਾਇਡਸ ਨੇ ਪੀਐੱਮ ਮੋਦੀ ਨੂੰ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਪ੍ਰਧਾਨ ਮੰਤਰੀ ਬਣੇ ਰਹਿਣ 'ਤੇ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਇਸ ਉਪਲਬਧੀ ਨੂੰ ਵਰ੍ਹਿਆਂ ਦੀ ਸਮਰਪਿਤ ਸੇਵਾ ਅਤੇ ਅਗਵਾਈ ਦਾ ਨਤੀਜਾ ਦੱਸਿਆ।

- ਗ੍ਰੀਸ ਦੇ ਪ੍ਰਧਾਨ ਮੰਤਰੀ ਕਿਰਿਆਕੋਸ ਮਿਤਸੋਤਾਕਿਸ, ਜਰਮਨੀ ਦੇ ਚਾਂਸਲਰ, ਫ੍ਰੈਡਰਿਕ ਮਰਜ, ਪਾਪੁਆ ਨਿਊ ਗਿਨੀ ਦੇ ਪ੍ਰਧਾਨ ਮੰਤਰੀ ਜੇਮਸ ਮਾਰਾਪੇ ਨੇ ਵੀ ਇਸ ਇਤਿਹਾਸਕ ਉਪਲਬਧੀ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈਆਂ ਦਿੱਤੀਆਂ। ਪੀਐੱਮ ਮੋਦੀ ਨੂੰ 'ਇੱਕ ਰੋਲ ਮਾਡਲ ਅਤੇ ਲੀਡਰਸ਼ਿਪ ਦੀ ਮਿਸਾਲ' ਦੱਸਿਆ।



- ਤ੍ਰਿਨਿਦਾਦ ਅਤੇ ਟੋਬੈਗੋ ਦੀ ਪ੍ਰਧਾਨ ਮੰਤਰੀ ਕਮਲਾ ਪ੍ਰਸਾਦ-ਬਿਸੇਸਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਭਾਰਤ ਆਲਮੀ ਮਾਮਲਿਆਂ ਵਿੱਚ ਇੱਕ ਪ੍ਰਮੁੱਖ ਆਵਾਜ਼ ਬਣ ਕੇ ਉਭਰੇ ਹਨ।





# ਅਹਿਮਦਾਬਾਦ ਮੈਟਰੋ ਸਮੇਤ ਇਨਫ੍ਰਾਸਟ੍ਰਕਚਰ ਨਾਲ ਜੁੜੇ ਪ੍ਰੋਜੈਕਟਾਂ ਨੂੰ ਮਨਜ਼ੂਰੀ

*ਐੱਨਡੀਏ ਸਰਕਾਰ ਦੇ 12 ਸਾਲ ਪੂਰੇ ਹੋਣ ਦੇ ਮੌਕੇ 'ਤੇ 10 ਜੂਨ ਨੂੰ ਹੋਈ ਮੀਟਿੰਗ ਵਿੱਚ ਕੇਂਦਰੀ ਕੈਬਨਿਟ ਨੇ ਪ੍ਰਸਤਾਵ ਪਾਸ ਕਰ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦੇਸ਼ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਚੁਣੇ ਹੋਏ ਪ੍ਰਧਾਨ ਮੰਤਰੀ ਬਣਨ 'ਤੇ ਵਧਾਈਆਂ ਦਿੱਤੀਆਂ। ਨਾਲ ਹੀ ਇਸ ਮੀਟਿੰਗ ਵਿੱਚ ਅਹਿਮਦਾਬਾਦ ਮੈਟਰੋ ਰੇਲ ਪ੍ਰੋਜੈਕਟ ਵਿਸਤਾਰ ਸਮੇਤ ਇਨਫ੍ਰਾਸਟ੍ਰਕਚਰ ਨਾਲ ਜੁੜੇ ਕਈ ਮਹੱਤਵਪੂਰਨ ਪ੍ਰਸਤਾਵਾਂ ਨੂੰ ਵੀ ਦਿੱਤੀ ਮਨਜ਼ੂਰੀ...*

**ਫੈਸਲੇ: ਅਹਿਮਦਾਬਾਦ ਮੈਟਰੋ ਰੇਲ ਪ੍ਰੋਜੈਕਟ ਦੇ ਪੜਾਅ 2ਏ (ਕੋਟੇਸ਼ਵਰ ਮਾਰਗ ਤੋਂ ਏਅਰਪੋਰਟ ਗਲਿਆਰੇ) ਨੂੰ ਪ੍ਰਵਾਨਗੀ।**

**ਪ੍ਰਭਾਵ:** ਇਸ ਗਲਿਆਰੇ ਦੀ ਲੰਬਾਈ 6.032 ਕਿਲੋਮੀਟਰ ਹੈ। ਇਸ ਵਿੱਚ 5 ਸਟੇਸ਼ਨ (4 ਐਲੀਵੇਟਿਡ ਅਤੇ 1 ਅੰਡਰਗ੍ਰਾਉਂਡ) ਸ਼ਾਮਲ ਹਨ। ਪੜਾਅ 2 (ਏ) ਦੇ ਲਾਗੂ ਹੋਣ 'ਤੇ ਅਹਿਮਦਾਬਾਦ-ਗਾਂਧੀਨਗਰ ਗਲਿਆਰੇ ਵਿੱਚ 77.63 ਕਿਲੋਮੀਟਰ ਦਾ ਸਰਗਰਮ ਮੈਟਰੋ ਰੇਲ ਨੈੱਟਵਰਕ ਹੋ ਜਾਵੇਗਾ। ਇਸ ਪ੍ਰੋਜੈਕਟ ਦੀ ਕੁੱਲ ਲਾਗਤ, 2,169.04 ਕਰੋੜ ਰੁਪਏ ਹੋਵੇਗੀ। ਕੌਰੀਡੋਰ ਦਾ ਉਦੇਸ਼ ਹਵਾਈ ਅੱਡੇ ਤੋਂ ਨਿਰਵਿਘਨ ਕਨੈਕਟੀਵਿਟੀ ਪ੍ਰਦਾਨ ਕਰਨਾ ਹੈ। ਨਾਲ ਹੀ ਉਨ੍ਹਾਂ ਪ੍ਰਮੁੱਖ ਰਿਹਾਇਸ਼ੀ ਅਤੇ ਵਣਜ ਖੇਤਰਾਂ ਨੂੰ ਜੋੜ ਕੇ ਜਨਤਕ ਟ੍ਰਾਂਸਪੋਰਟ ਨੂੰ ਮਜ਼ਬੂਤ ਕਰਨਾ ਹੈ। ਇਹ ਪ੍ਰੋਜੈਕਟ ਬਿਹਤਰ ਸੰਪਰਕ, ਟ੍ਰੈਫਿਕ ਜਾਮ ਦੀ ਸਮੱਸਿਆ ਤੋਂ ਛੁਟਕਾਰਾ, ਵਾਤਾਵਰਣ ਸਬੰਧੀ ਲਾਭ, ਆਰਥਿਕ ਵਿਕਾਸ ਅਤੇ ਗੁਣਵੱਤਾਪੂਰਨ ਜੀਵਨ ਦਾ ਭਰੋਸਾ ਵਧਾਉਂਦੀ ਹੈ।

**ਫੈਸਲੇ: ਆਂਧਰ ਪ੍ਰਦੇਸ਼ ਦੇ ਨਿਊ ਕੈਪੀਟਲ ਸਿਟੀ, ਅਮਰਾਵਤੀ ਵਿੱਚ ਜਨਰਲ ਪੂਲ ਰੈਜ਼ੀਡੈਂਸ਼ੀਅਲ ਅਕਮੋਡੇਸ਼ਨ (ਜੀਪੀਆਰਏ) ਦੇ ਨਿਰਮਾਣ ਨੂੰ ਪ੍ਰਵਾਨਗੀ।**

**ਪ੍ਰਭਾਵ:** ਇਹ ਕੈਪੀਟਲ ਸਿਟੀ, ਅਮਰਾਵਤੀ ਦੇ ਨਾਲ-ਨਾਲ ਆਂਧਰ ਪ੍ਰਦੇਸ਼ ਵਿੱਚ ਪਹਿਲੀ ਜੀਪੀਆਰਏ ਪ੍ਰੋਜੈਕਟ ਹੈ। ਇਸ ਪ੍ਰਸਤਾਵ ਦਾ ਉਦੇਸ਼ ਲੋੜੀਂਦੀ ਰਿਹਾਇਸ਼ੀ ਸੁਵਿਧਾ ਪ੍ਰਦਾਨ ਕਰਕੇ ਕੇਂਦਰ ਸਰਕਾਰ ਦੇ ਕਰਮਚਾਰੀਆਂ 'ਤੇ ਵਿੱਤੀ ਬੋਝ ਘੱਟ ਕਰਨਾ ਹੈ, ਜਿਸ ਨਾਲ ਉਨ੍ਹਾਂ ਦਾ ਮਨੋਬਲ ਵਧੇਗਾ। ਇਸ ਤੋਂ ਇਲਾਵਾ, ਕਰਮਚਾਰੀਆਂ ਨੂੰ ਉਨ੍ਹਾਂ ਦੇ ਕਾਰਜਸਥਲਾਂ ਦੇ ਨੇੜੇ ਰਹਿਣ ਦੀ ਸੁਵਿਧਾ ਪ੍ਰਦਾਨ ਕਰਕੇ, ਇਹ ਪ੍ਰੋਜੈਕਟ ਕੁਸ਼ਲ ਸਰਕਾਰੀ ਕੰਮਕਾਜ ਵਿੱਚ ਸਹਿਯੋਗ ਕਰੇਗੀ। ਇਹ ਯਕੀਨੀ ਬਣਾਵੇਗੀ ਕਿ ਕਰਮਚਾਰੀ ਆਪਣੇ ਅਧਿਕਾਰਤ ਕਰਤੱਵਾਂ ਦਾ ਪ੍ਰਭਾਵੀ ਢੰਗ ਨਾਲ ਕੰਮ ਕਰਨ ਦੇ ਲਈ ਹਮੇਸ਼ਾ ਉਪਲਬਧ ਰਹਿਣ। ਪ੍ਰੋਜੈਕਟ ਦੀ ਅਨੁਮਾਨਿਤ ਲਾਗਤ 1,234.91 ਕਰੋੜ ਰੁਪਏ ਹੈ। ਅਨੁਮਾਨ ਹੈ ਕਿ ਨਿਰਮਾਣ ਪੜਾਅ ਵਿੱਚ ਪ੍ਰਤੀ ਵਰ੍ਹੇ ਲਗਭਗ 7 ਲੱਖ ਮਨੁੱਖੀ-ਦਿਨ ਦੇ ਰੁਜ਼ਗਾਰ ਸੁਰਜੀਤ ਹੋਣਗੇ।

**ਫੈਸਲੇ: ਆਂਧਰ ਪ੍ਰਦੇਸ਼ ਦੀ ਨਵੀਂ ਕੈਪੀਟਲ ਸਿਟੀ ਅਮਰਾਵਤੀ ਵਿੱਚ ਨਵੇਂ ਕੇਂਦਰੀ ਸਰਕਾਰੀ ਜਨਰਲ ਪੂਲ ਦਫ਼ਤਰ ਦੇ ਨਿਰਮਾਣ ਨੂੰ ਮਨਜ਼ੂਰੀ।**

**ਪ੍ਰਭਾਵ:** ਇਹ ਪ੍ਰੋਜੈਕਟ ਅਮਰਾਵਤੀ ਦੇ ਨਵੇਂ ਗ੍ਰੀਨਫੀਲਡ ਸ਼ਹਿਰ ਵਿੱਚ ਇੱਕ ਇਤਿਹਾਸਕ ਪਹਿਲਕਦਮੀ ਹੈ, ਜਿਸ ਨੂੰ ਵਿਸ਼ਵ ਪੱਧਰੀ ਸ਼ਹਿਰੀ ਕੇਂਦਰ ਦੇ ਰੂਪ ਵਿੱਚ ਵਿਕਸਿਤ ਕਰਨ ਦੀ ਪਰਿਕਲਪਨਾ ਕੀਤੀ ਗਈ ਹੈ। ਇਸ ਪ੍ਰਸਤਾਵ ਦਾ ਉਦੇਸ਼ ਵੱਖ-ਵੱਖ ਕੇਂਦਰੀ ਸਰਕਾਰੀ ਦਫ਼ਤਰਾਂ ਦੇ ਲਈ ਔਫਿਸ ਅਕਮੋਡੇਸ਼ਨ ਦੀ ਵਧਦੀ ਮੰਗ ਨੂੰ ਪੂਰਾ ਕਰਨਾ ਹੈ, ਤਾਂ ਜੋ ਉਨ੍ਹਾਂ ਨੂੰ ਇੱਕ ਹੀ ਛੱਤ ਦੇ ਹੇਠਾਂ ਲਿਆਂਦਾ ਜਾ ਸਕੇ। ਇਸ ਏਕੀਕਰਣ ਨਾਲ ਅੰਤਰ-ਵਿਭਾਗੀ ਤਾਲਮੇਲ ਵਧੇਗਾ। ਆਂਧਰ ਪ੍ਰਦੇਸ਼ ਨੂੰ ਕੇਂਦਰ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਕੁਸ਼ਲਤਾ ਅਤੇ ਪ੍ਰਭਾਵਸ਼ੀਲਤਾ ਵਿੱਚ ਸੁਧਾਰ ਹੋਵੇਗਾ। ਨਿਰਮਾਣ ਪੜਾਅ ਦੌਰਾਨ ਪ੍ਰਤੀ ਵਰ੍ਹੇ ਲਗਭਗ 7 ਲੱਖ ਮਨੁੱਖੀ-ਦਿਨ ਰੁਜ਼ਗਾਰ ਸੁਰਜੀਤ ਹੋਣ ਦਾ ਅਨੁਮਾਨ ਹੈ। ਇਸ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ 1,299.08 ਕਰੋੜ ਰੁਪਏ ਹੈ।

ਕੈਬਨਿਟ ਦੇ ਫੈਸਲੇ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਕਵਰ ਸਟੋਰੀ
ਨਯਾਯ ਸੰਹਿਤਾ ਦੇ 2 ਵਰ੍ਹੇ

# ਸਵਦੇਸ਼ੀ ਨਿਆਂ ਵਿਵਸਥਾ

## ਨਵੀਂ ਸਵੇਰ, ਨਵੀਂ ਦਿਸ਼ਾ



*ਨਿਆਂ ਸਿਰਫ਼ ਇੱਕ ਸ਼ਬਦ ਭਰ ਨਹੀਂ ਹੈ, ਸਗੋਂ ਵਿਸ਼ਾਲਤਾ ਨੂੰ ਸਮੇਟੇ ਹੋਏ ਇੱਕ ਸੱਭਿਅਕ ਸਮਾਜ ਦੀ ਨੀਂਹ ਹੈ। ਇਸੇ ਸੋਚ ਦੇ ਨਾਲ ਪਹਿਲੀ ਜੁਲਾਈ 2024 ਨੂੰ ਭਾਰਤ ਨੇ ਗ਼ੁਲਾਮੀ ਦੀ ਮਾਨਸਿਕਤਾ ਵਾਲੇ ਬਸਤੀਵਾਦੀ ਕਾਲ ਦੇ ਉਨ੍ਹਾਂ ਤਿੰਨ ਕਾਨੂੰਨਾਂ ਨੂੰ ਵਿਦਾ ਕੀਤਾ, ਜੋ ਡੇਢ ਸੌ ਵਰ੍ਹਿਆਂ ਤੋਂ ਸਜ਼ਾ ਦੇਣ ਦੇ ਮੂਲ ਸਿਧਾਂਤ 'ਤੇ ਅਧਾਰਿਤ ਸਨ। ਦੋ ਵਰ੍ਹੇ ਪਹਿਲਾਂ ਭਾਰਤੀਯ ਨਯਾਯ ਸੰਹਿਤਾ, ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀਯ ਸਾਕਸ਼ਯ ਅਧਿਨਿਯਮ ਨੇ ਪੂਰਨ ਸਵਦੇਸ਼ੀਕਰਣ ਦੇ ਨਾਲ 'ਸਜ਼ਾ ਦੀ ਜਗ੍ਹਾ ਨਿਆਂ ਦੇ ਨਵੇਂ ਯੁੱਗ' ਦੀ ਸ਼ੁਰੂਆਤ ਕੀਤੀ। ਦੋ ਸਦੀਆਂ ਦੀ ਦੂਰੀ ਤੈਅ ਕਰਦੇ ਹੋਏ 21ਵੀਂ ਸਦੀ ਵਿੱਚ ਭਾਰਤ ਨੂੰ ਗੁਲਾਮੀ ਦੇ ਪਰਛਾਵੇਂ ਤੋਂ ਮੁਕਤ ਆਪਣਾ ਕਾਨੂੰਨ ਮਿਲਿਆ। ਇਸੇ ਦਾ ਨਤੀਜਾ ਹੈ ਕਿ ਨਾਗਰਿਕ ਹੋਣ ਜਾਂ ਪੁਲਿਸ ਅਤੇ ਅਦਾਲਤਾਂ, ਬੀਤੇ 2 ਵਰ੍ਹਿਆਂ ਵਿੱਚ ਨਿਆਂ ਦੀ ਕਿਤਾਬ ਅਤੇ ਭਾਸ਼ਾ ਦੋਵੇਂ ਬਦਲ ਗਈਆਂ ਹਨ। ਇਸ ਨਵੇਂ ਬਦਲਾਅ ਨਾਲ ਭਾਰਤ ਦਾ ਜਨ-ਜਨ ਦੇਖ ਰਿਹਾ ਹੈ ਸਵਦੇਸ਼ੀ ਨਿਆਂ ਪ੍ਰਣਾਲੀ ਦਾ ਨਵਾਂ ਚੜ੍ਹਦਾ ਸੂਰਜ...*



1. ਚੰਡੀਗੜ੍ਹ ਵਿੱਚ ਵਾਹਨ ਚੋਰੀ ਦੇ ਇੱਕ ਕੇਸ ਵਿੱਚ ਐੱਫਆਈਆਰ ਤੋਂ ਬਾਅਦ, 2 ਮਹੀਨੇ 11 ਦਿਨਾਂ ਵਿੱਚ ਅਦਾਲਤ ਨੇ ਸਜ਼ਾ ਸੁਣਾ ਦਿੱਤੀ। ਖੇਤਰ ਵਿੱਚ ਅਸ਼ਾਂਤੀ ਫੈਲਾਉਣ ਦੇ ਇੱਕ ਹੋਰ ਮੁਲਜ਼ਮ ਨੂੰ ਅਦਾਲਤ ਨੇ ਸਿਰਫ਼ 20 ਦਿਨਾਂ ਵਿੱਚ ਪੂਰੀ ਸੁਣਵਾਈ ਤੋਂ ਬਾਅਦ ਸਜ਼ਾ ਸੁਣਾ ਦਿੱਤੀ।

2. ਦਿੱਲੀ ਵਿੱਚ ਇੱਕ ਕੇਸ ਵਿੱਚ ਐੱਫਆਈਆਰ ਤੋਂ ਲੈ ਕੇ ਫੈਸਲਾ ਆਉਣ ਤੱਕ ਸਿਰਫ਼ 60 ਦਿਨਾਂ ਦਾ ਸਮਾਂ ਲੱਗਿਆ ਅਤੇ ਮੁਲਜ਼ਮ ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ।

3. ਬਿਹਾਰ ਦੇ ਛਪਰਾ ਵਿੱਚ ਵੀ ਇੱਕ ਕਤਲ ਦੇ ਮਾਮਲੇ ਵਿੱਚ ਐੱਫਆਈਆਰ ਤੋਂ ਲੈ ਕੇ ਚਾਰਜਸ਼ੀਟ ਦਾਖਲ ਕਰਨ ਵਿੱਚ ਸਿਰਫ਼ 14 ਦਿਨ ਲੱਗੇ। ਤੇਜ਼ੀ ਨਾਲ ਨਿਆਂ ਮਿਲਣ ਦੀ ਦਿਸ਼ਾ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਹੈ।

ਨਵੇਂ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਨਾਲ ਸਾਰੇ ਰਾਜਾਂ ਵਿੱਚ ਅਮਲ ਵਿੱਚ ਲਿਆਉਣ ਦੀ ਸਮਾਂ ਸੀਮਾ 3 ਵਰ੍ਹੇ ਰੱਖੀ ਗਈ ਹੈ, ਲੇਕਿਨ ਬੀਤੇ 2 ਵਰ੍ਹਿਆਂ ਵਿੱਚ ਹੀ ਇਸ ਬਦਲਾਅ ਨੂੰ ਮਿਲ ਰਹੀ ਸਫਲਤਾ ਸੰਤੋਸ਼ ਦੇਣ ਵਾਲੀ ਹੈ। ਇਹ ਕੁਝ ਉਦਾਹਰਣਾਂ ਹੀ ਦੱਸਦੀਆਂ ਹਨ ਕਿ ਭਾਰਤੀਯ ਨਯਾਯ ਸੰਹਿਤਾ ਦੀ ਤਾਕਤ ਕੀ ਹੈ, ਉਸ ਦੇ ਪ੍ਰਭਾਵ ਕੀ ਹਨ। ਇਹ ਬਦਲਾਅ ਦਿਖਾਉਂਦਾ ਹੈ ਕਿ ਜਦੋਂ ਕੋਈ ਸਰਕਾਰ ਆਮ ਨਾਗਰਿਕਾਂ ਦੇ ਹਿੱਤਾਂ ਦੇ ਪ੍ਰਤੀ ਸਮਰਪਿਤ ਹੁੰਦੀ ਹੈ, ਇਮਾਨਦਾਰੀ ਅਤੇ ਨਿਸ਼ਠਾ ਨਾਲ ਜਨਤਾ ਦੀਆਂ ਸਮੱਸਿਆਵਾਂ ਨੂੰ ਦੂਰ ਕਰਨਾ ਚਾਹੁੰਦੀ ਹੈ, ਤਾਂ ਅਜਿਹੇ ਹੀ ਤੇਜ਼ ਨਤੀਜੇ ਆਉਂਦੇ ਹਨ। ਇਸੇ ਦਾ ਨਤੀਜਾ ਹੈ ਕਿ ਅੱਜ ਨਵਾਂ ਭਾਰਤ,  ਨਿਆਂ ਦਾ ਨਵਾਂ ਯੁੱਗ ਦੇਖ ਰਿਹਾ ਹੈ। ਦੇਸ਼ ਦਾ ਨਾਗਰਿਕ ਅੱਜ ਇਹ ਮਹਿਸੂਸ ਕਰ ਰਿਹਾ ਹੈ ਕਿ 'ਸਜ਼ਾ ਨਹੀਂ, ਨਿਆਂ ਸਰਵਉੱਚ ਹੈ' ਅਤੇ ਨਵੇਂ ਭਾਰਤ ਦਾ ਨਵਾਂ ਕਾਨੂੰਨ ਹੁਣ ਉਸ ਨੂੰ ਨਿਆਂ ਦੇਣ ਦੇ ਲਈ ਹੈ। ਆਜ਼ਾਦ ਭਾਰਤ ਦੇ ਆਪਣੇ ਤਿੰਨ ਇਤਿਹਾਸਕ ਕਾਨੂੰਨਾਂ ਨੇ ਨਿਆਂ ਦਾ ਸਰੂਪ ਬਦਲ ਦਿੱਤਾ ਹੈ ਜੋ ਹੁਣ 'ਨਾਗਰਿਕ ਪਹਿਲਾਂ-ਨਿਆਂ ਪਹਿਲਾਂ' ਦੇ ਸਿਧਾਂਤ 'ਤੇ ਅਧਾਰਿਤ ਹਨ। ਇਹ ਪੂਰੀ ਤਰ੍ਹਾਂ ਨਾਲ ਨਾਗਰਿਕ ਕੇਂਦ੍ਰਿਤ, ਪਹੁੰਚਯੋਗ ਅਤੇ ਭਾਰਤੀ ਕਦਰਾਂ-ਕੀਮਤਾਂ 'ਤੇ ਅਧਾਰਿਤ ਹਨ।

ਭਾਰਤੀਅਤਾ ਦੇ ਭਾਵ ਨਾਲ ਭਰੇ ਹੋਏ ਤਿੰਨੇ ਨਵੇਂ ਕਾਨੂੰਨ ਡਿਜੀਟਲ ਪ੍ਰਕਿਰਿਆ ਦੇ ਨਾਲ ਸਮਾਂਬੱਧ ਨਿਆਂ ਦੇ ਪ੍ਰਤੀਕ ਬਣ ਗਏ ਹਨ। ਬੀਤੇ 2 ਵਰ੍ਹਿਆਂ ਦੀਆਂ ਹੀ ਸਫਲਤਾਵਾਂ ਨੂੰ ਦੇਖੀਏ ਤਾਂ ਅਪ੍ਰੈਲ 2026 ਤੱਕ ਭਾਰਤੀਯ ਨਯਾਯ ਸੰਹਿਤਾ ਦੇ ਤਹਿਤ 63 ਲੱਖ ਤੋਂ ਵੱਧ ਐੱਫਆਈਆਰ ਦਰਜ ਹੋਈਆਂ, ਜਿਸ ਵਿੱਚੋਂ ਲਗਭਗ 52 ਲੱਖ ਵਿੱਚ ਚਾਰਜਸ਼ੀਟ ਜਾਂ ਫਾਈਨਲ ਰਿਪੋਰਟ ਸੌਂਪ ਦਿੱਤੀ ਗਈ। ਇੰਨਾ ਹੀ ਨਹੀਂ, 60 ਦਿਨਾਂ ਦੀ ਮਿਆਦ ਵਿੱਚ ਚਾਰਜਸ਼ੀਟ ਜਾਂ ਫਾਈਨਲ ਰਿਪੋਰਟ ਸੌਂਪਣ ਦੀ ਦਰ ਪੁਰਾਣੇ ਕਾਨੂੰਨ ਦੇ ਸਮੇਂ 50 ਪ੍ਰਤੀਸ਼ਤ ਦੇ ਆਲੇ-ਦੁਆਲੇ ਸੀ, ਜੋ ਬੀਤੇ 2 ਵਰ੍ਹਿਆਂ ਵਿੱਚ ਨਵੇਂ ਕਾਨੂੰਨ ਦੇ ਕਾਰਨ 61 ਪ੍ਰਤੀਸ਼ਤ ਤੋਂ ਵੱਧ ਹੋ ਚੁੱਕੀ ਹੈ। ਜਿਨ੍ਹਾਂ ਮਾਮਲਿਆਂ ਵਿੱਚ 90 ਦਿਨਾਂ ਵਿੱਚ ਚਾਰਜਸ਼ੀਟ ਫਾਈਲ ਕਰਨੀ ਹੁੰਦੀ ਹੈ, ਉਸ ਦੀ ਦਰ ਪੁਰਾਣੇ ਕਾਨੂੰਨ ਦੇ ਸਮੇਂ ਲਗਭਗ 39 ਪ੍ਰਤੀਸ਼ਤ ਸੀ, ਜੋ ਹੁਣ ਵਧ ਕੇ 51 ਪ੍ਰਤੀਸ਼ਤ ਤੋਂ ਵੱਧ ਹੋ ਚੁੱਕੀ ਹੈ। ਜ਼ੀਰੋ ਐੱਫਆਈਆਰ ਦੀ ਸੰਖਿਆ ਵੀ ਇਨ੍ਹਾਂ 2 ਵਰ੍ਹਿਆਂ ਵਿੱਚ 60 ਹਜ਼ਾਰ ਦੇ ਕਰੀਬ ਪਹੁੰਚ ਗਈ ਹੈ। ਜਿਨਸੀ ਅਪਰਾਧ ਵਰਗੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਕਾਨੂੰਨ ਵਿੱਚ ਬਦਲਾਅ ਦਾ ਪ੍ਰਭਾਵ ਸਪੱਸ਼ਟ ਦਿਖਾਈ ਦਿੰਦਾ ਹੈ। ਪੁਰਾਣੇ ਕਾਨੂੰਨ ਦੇ ਸਮੇਂ 2018 ਵਿੱਚ ਜਿਨਸੀ ਅਪਰਾਧਾਂ ਵਿੱਚ ਦੋ ਮਹੀਨੇ ਦੇ ਅੰਦਰ ਚਾਰਜ਼ਸ਼ੀਟ ਫਾਈਲ ਕਰਨ ਦੀ ਪਾਲਣਾ ਦਰ 44 ਪ੍ਰਤੀਸ਼ਤ ਸੀ, ਜੋ ਹੁਣ ਵਧ ਕੇ 71 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ। ਫੋਰੈਂਸਿਕ ਸਮਰੱਥਾ ਦਾ ਵਿਸਤਾਰ ਤੇਜ਼ੀ ਨਾਲ ਹੋਇਆ ਹੈ।

## ਸਮਾਂਬੱਧ ਨਿਆਂ ਹੁਣ ਪਹਿਲੀ ਕਸੌਟੀ

ਨਿਆਂ ਦੀ ਪਹਿਲੀ ਕਸੌਟੀ ਹੈ- ਸਮੇਂ ਸਿਰ ਨਿਆਂ ਮਿਲਣਾ। ਤੁਸੀਂ ਸੁਣਿਆ ਹੋਵੇਗਾ- Justice delayed, Justice denied... ਯਾਨੀ ਨਿਆਂ ਵਿੱਚ ਦੇਰੀ, ਨਿਆਂ ਨਾ ਮਿਲਣ ਦੇ ਬਰਾਬਰ ਹੁੰਦੀ ਹੈ। ਇਸ ਲਈ ਭਾਰਤੀਯ ਨਯਾਯ ਸੰਹਿਤਾ, ਨਾਗਰਿਕ ਸੁਰਕਸ਼ਾ ਸੰਹਿਤਾ ਦੇ ਜ਼ਰੀਏ ਤੁਰੰਤ ਨਿਆਂ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਿਆ




*ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ, 2023, ਭਾਰਤੀਯ ਨਯਾਯ ਸੰਹਿਤਾ, 2023 ਅਤੇ ਭਾਰਤੀਯ ਸਾਕਸ਼ਯ ਅਧਿਨਿਯਮ, 2023 ਸਾਡੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਪਲ ਹਨ। ਇਹ ਬਸਤੀਵਾਦੀ ਯੁੱਗ ਦੇ ਕਾਨੂੰਨਾਂ ਦੇ ਅੰਤ ਦਾ ਪ੍ਰਤੀਕ ਹਨ। ਜਨਤਕ ਸੇਵਾ ਅਤੇ ਭਲਾਈ 'ਤੇ ਕੇਂਦ੍ਰਿਤ ਕਾਨੂੰਨਾਂ ਨਾਲ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਇਹ ਸੁਧਾਰਾਂ ਦੇ ਪ੍ਰਤੀ ਭਾਰਤ ਦੀ ਵਚਨਬੱਧਤਾ ਦਾ ਪ੍ਰਮਾਣ ਹੈ।*

**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਗਿਆ ਹੈ। ਇਸ ਵਿੱਚ ਜਲਦੀ ਚਾਰਜਸ਼ੀਟ ਫਾਈਲ ਕਰਨ ਅਤੇ ਜਲਦੀ ਫ਼ੈਸਲਾ ਸੁਣਾਉਣ ਨੂੰ ਪਹਿਲ ਦਿੱਤੀ ਗਈ ਹੈ। ਕਿਸੇ ਵੀ ਕੇਸ ਵਿੱਚ ਹਰ ਪੜਾਅ ਨੂੰ ਪੂਰਾ ਕਰਨ ਦੇ ਲਈ ਸਮਾਂ-ਸੀਮਾ ਨਿਰਧਾਰਿਤ ਕਰ ਦਿੱਤੀ ਗਈ ਹੈ ਕਿਉਂਕਿ ਭਾਰਤੀਯ ਨਯਾਯ ਸੰਹਿਤਾ ਦਾ ਮੂਲ ਮੰਤਰ ਹੈ- ਨਾਗਰਿਕ ਪਹਿਲਾਂ।

ਜ਼ੀਰੋ ਐੱਫਆਈਆਰ ਨੂੰ ਮਜ਼ਬੂਤੀ ਨਾਲ ਕਾਨੂੰਨੀ ਰੂਪ ਦਿੱਤਾ ਗਿਆ ਹੈ। ਇਸ ਨਵੇਂ ਕਾਨੂੰਨ ਦਾ ਇੱਕ ਹੋਰ ਮਨੁੱਖੀ ਪੱਖ ਇਹ ਹੈ ਕਿ ਬਿਨਾਂ ਸਜ਼ਾ ਦੇ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਨਹੀਂ ਰੱਖਿਆ ਜਾ ਸਕਦਾ। ਹੁਣ ਤਿੰਨ ਸਾਲ ਤੋਂ ਘੱਟ ਸਜ਼ਾ ਵਾਲੇ ਅਪਰਾਧ ਦੇ ਮਾਮਲੇ ਵਿੱਚ ਗ੍ਰਿਫ਼ਤਾਰੀ ਵੀ ਉੱਚ ਅਧਿਕਾਰੀ ਦੀ ਸਹਿਮਤੀ ਨਾਲ ਹੀ ਹੋ ਸਕਦੀ ਹੈ। ਛੋਟੇ ਅਪਰਾਧਾਂ ਲਈ ਲਾਜ਼ਮੀ ਜ਼ਮਾਨਤ ਦੀ ਵਿਵਸਥਾ ਕੀਤੀ ਗਈ ਹੈ। ਸਾਧਾਰਣ ਅਪਰਾਧਾਂ ਵਿੱਚ ਭਾਈਚਾਰਕ ਸੇਵਾ ਦਾ ਵਿਕਲਪ ਵੀ ਰੱਖਿਆ ਗਿਆ ਹੈ ਜੋ ਮੁਲਜ਼ਮ ਨੂੰ ਸਮਾਜ ਦੇ ਹਿੱਤ ਵਿੱਚ ਸਕਾਰਾਤਮਕ ਦਿਸ਼ਾ ਵੱਲ ਅੱਗੇ ਵਧਣ ਦਾ ਨਵਾਂ ਮੌਕਾ ਦੇਵੇਗਾ। ਪਹਿਲੀ ਵਾਰ ਅਪਰਾਧ ਕਰਨ ਵਾਲਿਆਂ ਲਈ ਵੀ ਨਯਾਯ ਸੰਹਿਤਾ ਸੰਵੇਦਨਸ਼ੀਲ ਹੈ। ਭਾਰਤੀਯ ਨਯਾਯ ਸੰਹਿਤਾ, ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ, ਹਰ ਪੀੜ੍ਹਤ ਦੇ ਪ੍ਰਤੀ ਸੰਵੇਦਨਸ਼ੀਲਤਾ ਨਾਲ ਭਰਪੂਰ ਹਨ। ਭਾਰਤੀਯ ਨਯਾਯ ਸੰਹਿਤਾ ਇਹ ਯਕੀਨੀ ਬਣਾਉਂਦੀ ਹੈ ਕਿ ਕਾਨੂੰਨ ਪੀੜ੍ਹਤ ਦੇ ਨਾਲ ਖੜ੍ਹਾ ਹੋਵੇ। ਚਾਰਜਸ਼ੀਟ ਤੋਂ ਲੈ ਕੇ ਫੈਸਲਾ ਸੁਣਾਉਣ ਤੱਕ ਦੀ ਸਮਾਂ-ਸੀਮਾ ਨਿਰਧਾਰਿਤ ਕਰ ਦਿੱਤੀ ਗਈ ਹੈ। ਇਸ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਜੇਲ੍ਹਾਂ ਵਿੱਚੋਂ ਅਜਿਹੇ ਹਜ਼ਾਰਾਂ ਕੈਦੀਆਂ ਨੂੰ ਰਿਹਾਅ ਕੀਤਾ ਗਿਆ ਹੈ, ਜੋ ਪੁਰਾਣੇ ਕਾਨੂੰਨਾਂ ਦੀ ਵਜ੍ਹਾ ਨਾਲ ਜੇਲ੍ਹ ਵਿੱਚ ਬੰਦ ਸਨ। ਇਹ ਸਿੱਧ ਕਰਦਾ ਹੈ ਕਿ ਇੱਕ ਨਵੀਂ ਵਿਵਸਥਾ, ਨਵਾਂ ਕਾਨੂੰਨ ਨਾਗਰਿਕ ਅਧਿਕਾਰਾਂ ਦੇ ਸਸ਼ਕਤੀਕਰਣ ਨੂੰ ਕਿੰਨੀ ਉਚਾਈ ਦੇ ਸਕਦਾ ਹੈ।

## ਲੋਕਤੰਤਰ ਦੀ ਮੂਲ ਭਾਵਨਾ ਹੋਈ ਮੁੜ-ਸਥਾਪਿਤ

ਵਿਕਸਿਤ ਭਾਰਤ ਦੇ ਸੰਕਲਪ ਵੱਲ ਅੱਗੇ ਵਧ ਰਹੇ ਰਾਸ਼ਟਰ ਦੇ ਲਈ ਇਨ੍ਹਾਂ ਕਾਨੂੰਨਾਂ ਦੀ ਜ਼ਰੂਰਤ ਨੂੰ ਸਮਝੋ। ਦੇਸ਼ 1947 ਵਿੱਚ ਆਜ਼ਾਦ ਤਾਂ ਹੋ ਗਿਆ, ਪਰ ਅੰਗ੍ਰੇਜ਼ਾਂ ਦੇ ਸਮੇਂ ਦੇ ਬਣੇ ਕਾਨੂੰਨ ਬਰਕਰਾਰ ਰਹਿ ਗਏ, ਜਦਕਿ ਇਹੋ ਕਾਨੂੰਨ ਅੰਗ੍ਰੇਜ਼ਾਂ ਦੇ ਅੱਤਿਆਚਾਰ ਅਤੇ ਸ਼ੋਸ਼ਣ ਦਾ ਜ਼ਰੀਆ ਸਨ। ਇਹ ਕਾਨੂੰਨ ਉਦੋਂ ਬਣਾਏ ਗਏ ਸਨ, ਜਦੋਂ ਅੰਗ੍ਰੇਜ਼ੀ ਹਕੂਮਤ ਭਾਰਤ 'ਤੇ ਆਪਣਾ ਸ਼ਿਕੰਜਾ ਕੱਸ ਕੇ ਰੱਖਣ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਸੀ। ਇਹ ਇਸ ਲਈ ਵੀ ਹੋਇਆ ਸੀ ਕਿਉਂਕਿ

# ਨਿਆਇਕ ਸੁਗਮਤਾ ਦਾ **ਨਵਾਂ ਯੁੱਗ**




*19ਵੀਂ ਸਦੀ ਵਿੱਚ ਬਣੇ ਅੰਗ੍ਰੇਜ਼ੀ ਸ਼ਾਸਨਕਾਲ ਦੇ ਕਾਨੂੰਨਾਂ ਤੋਂ ਮੁਕਤੀ ਮਿਲੀ। 21ਵੀਂ ਸਦੀ ਦੇ ਸਭ ਤੋਂ ਵੱਡੇ ਰਿਫੌਰਮ ਤੋਂ ਬਾਅਦ ਭਾਰਤ ਨੂੰ ਆਪਣਾ ਕਾਨੂੰਨ ਮਿਲਿਆ ਹੈ। ਜਿਸ ਵਿੱਚ ਹੈ- ਨਿਆਂ, ਸਮਾਨਤਾ ਅਤੇ ਨਿਰਪੱਖਤਾ ਦਾ ਮੂਲ ਮੰਤਰ। ਸਹੀ ਅਰਥਾਂ ਵਿੱਚ ਇਹ ਨਵੇਂ ਭਾਰਤ ਦੀ ਆਤਮਾ ਅਤੇ ਸੰਵਿਧਾਨ ਦੇ ਸਿਧਾਂਤਾਂ ਦਾ ਪ੍ਰਗਟਾਵਾ ਹੈ...*

## ਸਜ਼ਾ ਨਹੀਂ, ਨਿਆਂ ਦੇਣਾ ਉਦੇਸ਼

- 150 ਸਾਲ ਪੁਰਾਣੇ ਅੰਗ੍ਰੇਜ਼ੀ ਕਾਲ ਵਿੱਚ ਬਣੇ ਕਾਨੂੰਨਾਂ ਤੋਂ ਆਜ਼ਾਦੀ।
- ਇਨ੍ਹਾਂ ਕਾਨੂੰਨਾਂ ਦੇ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਦੇਸ਼ ਭਰ ਵਿੱਚ ਕਿਸੇ ਵੀ FIR ਤੋਂ ਲੈ ਕੇ ਸੁਪਰੀਮ ਕੋਰਟ ਤੱਕ ਲਗਭਗ 3 ਵਰ੍ਹਿਆਂ ਵਿੱਚ ਨਿਆਂ ਮਿਲੇਗਾ।
- ਨਵੇਂ ਕਾਨੂੰਨਾਂ ਵਿੱਚ ਜਾਂਚ ਪੂਰੀ ਕਰਨ, ਚਾਰਜ ਸ਼ੀਟ ਫਾਈਲ ਕਰਨ, ਚਾਰਜ ਫਰੇਮ ਕਰਨ ਅਤੇ ਜੱਜਮੈਂਟ ਦੇਣ ਦਾ ਸਮਾਂ ਵੀ ਤੈਅ ਕੀਤਾ ਗਿਆ ਹੈ।
- 7 ਸਾਲ ਅਤੇ ਉਸ ਤੋਂ ਵੱਧ ਸਜ਼ਾ ਵਾਲੇ ਹਰ ਅਪਰਾਧ ਵਿੱਚ ਫੋਰੈਂਸਿਕ ਜਾਂਚ ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ।

**ਅੱਤਵਾਦ, ਸੰਗਠਿਤ ਅਪਰਾਧ 'ਤੇ ਸਖ਼ਤੀ**

**ਭਾਰਤੀਯ ਨਯਾਯ ਸੰਹਿਤਾ, 2023 ਵਿੱਚ ਸੰਗਠਿਤ ਅਪਰਾਧ, ਅੱਤਵਾਦ 'ਤੇ ਸਖ਼ਤੀ ਦਾ ਪ੍ਰਾਵਧਾਨ ਕੀਤਾ ਗਿਆ ਹੈ।**



1857 ਦੇ ਪਹਿਲੇ ਸੁਤੰਤਰਤਾ ਸੰਗਰਾਮ ਨੇ ਅੰਗ੍ਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ। ਦੇਸ਼ ਦੇ ਹਰ ਕੋਨੇ ਵਿੱਚ ਚੁਣੌਤੀ ਪੈਦਾ ਕਰ ਦਿੱਤੀ ਸੀ।

ਇਸ ਦੇ ਜਵਾਬ ਵਿੱਚ ਅੰਗ੍ਰੇਜ਼ 1860 ਵਿੱਚ ਆਈਪੀਸੀ (IPC) ਅਤੇ ਫਿਰ ਕੁਝ ਵਰ੍ਹਿਆਂ ਬਾਅਦ ਸੀਆਰਪੀਸੀ ਲੈ ਕੇ ਆਏ। ਇਹ ਤਿੰਨੋਂ ਕਾਨੂੰਨ ਦੇਸ਼ ਦੇ ਨਾਗਰਿਕਾਂ ਦੇ ਲਈ ਨਹੀਂ ਬਣੇ ਸਨ, ਸਗੋਂ ਅੰਗਰੇਜ਼ੀ ਰਾਜ ਦੀ ਸੁਰੱਖਿਆ ਦੇ ਲਈ ਬਣੇ ਸਨ। ਉਸ ਸਮੇਂ ਕਾਨੂੰਨ ਕਿਸ ਸੋਚ ਨਾਲ ਬਣੇ ਸਨ, ਉਸ ਦੀ ਉਦਾਹਰਣ ਉਸ ਦੇ ਨੰਬਰਾਂ ਤੋਂ ਵੀ ਮਿਲਦੀ ਹੈ। ਉਸ ਕਾਨੂੰਨ ਵਿੱਚ ਕਤਲ, ਮਹਿਲਾ ਦੇ ਨਾਲ ਅੱਤਿਆਚਾਰ ਵਰਗੇ ਘਿਨਾਉਣੇ ਅਪਰਾਧਾਂ ਤੋਂ ਪਹਿਲਾਂ ਸਰਕਾਰੀ ਖ਼ਜ਼ਾਨੇ ਦੀ ਲੁੱਟ, ਰੇਲਵੇ ਪਟੜੀ ਪੱਟਣ ਦੀ ਸਜ਼ਾ ਅਤੇ ਬ੍ਰਿਟਿਸ਼ ਤਾਜ ਦੇ ਅਪਮਾਨ ਨੂੰ ਉੱਪਰ ਰੱਖਿਆ ਗਿਆ ਸੀ।

ਇਹ ਮੰਦਭਾਗੀ ਸਥਿਤੀ ਸੀ ਕਿ ਆਜ਼ਾਦੀ ਤੋਂ ਬਾਅਦ ਲੰਬੇ ਸਮੇਂ ਤੱਕ ਭਾਰਤੀ ਕਾਨੂੰਨ ਉਸੇ ਦੰਡ ਸੰਹਿਤਾ ਦੇ ਆਲੇ-ਦੁਆਲੇ ਘੁੰਮਦੇ ਰਹੇ। ਸਮੇਂ-ਸਮੇਂ 'ਤੇ ਇਨ੍ਹਾਂ ਵਿੱਚ ਸੁਧਾਰ ਤਾਂ ਹੋਏ ਪਰ ਮੂਲ ਚਰਿੱਤਰ ਉਹੀ ਬਣਿਆ ਰਿਹਾ। ਅੰਗਰੇਜ਼ੀ ਕਾਲ ਵਿੱਚ ਬਣੇ ਕਾਨੂੰਨਾਂ ਦੀ ਜੋ ਆਤਮਾ ਹੈ, ਉਨ੍ਹਾਂ ਦਾ ਕੇਂਦਰ ਬਿੰਦੂ ਅੰਗਰੇਜ਼ੀ ਸ਼ਾਸਨ ਨੂੰ ਮਜ਼ਬੂਤ ਕਰਨ ਦੀ ਦ੍ਰਿਸ਼ਟੀ ਨਾਲ ਬਣਾਇਆ ਗਿਆ ਸੀ। ਉਹ ਉਸ ਬਸਤੀਵਾਦੀ ਸ਼ਾਸਨ ਦੀ ਰੱਖਿਆ ਦੇ ਲਈ ਬਣਾਏ ਗਏ ਸਨ। ਜਿਸ ਦਾ ਉਦੇਸ਼ ਸਜ਼ਾ ਦੇਣ ਦਾ ਸੀ, ਨਿਆਂ ਦੇਣ ਦਾ ਨਹੀਂ ਸੀ। ਅਜਿਹੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਦੋਂ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ ਦਾ ਸੰਕਲਪ ਦੇਸ਼ ਦੇ ਸਾਹਮਣੇ ਰੱਖਿਆ, ਉਦੋਂ ਨਯਾਯ ਸੰਹਿਤਾ ਵਿੱਚ ਬਦਲਾਅ ਉਸ ਦਿਸ਼ਾ ਵਿੱਚ ਇੱਕ ਨਿਰਣਾਇਕ ਕਦਮ ਬਣਿਆ। ਅੰਮ੍ਰਿਤ ਕਾਲ ਵਿੱਚ ਭਾਰਤ ਨੂੰ ਵਿਕਸਿਤ ਬਣਾਉਣ ਦੇ ਵੱਡੇ ਸੰਕਲਪ ਦੇ ਨਾਲ-ਨਾਲ ਗ਼ੁਲਾਮੀ ਦੀਆਂ ਸਾਰੀਆਂ ਨਿਸ਼ਾਨੀਆਂ ਤੋਂ ਮੁਕਤੀ ਵੱਲ ਅੱਗੇ ਵਧਦੇ ਹੋਏ ਰਾਸ਼ਟਰ ਨੇ ਜੁਲਾਈ 2024 ਵਿੱਚ 'ਭਾਰਤੀਯ ਨਯਾਯ ਸੰਹਿਤਾ' ਬਣਾ ਕੇ ਦੂਰਗਾਮੀ ਪਹਿਲ ਕੀਤੀ। ਇੰਡੀਅਨ ਪੀਨਲ ਕੋਡ 1860, ਕ੍ਰਿਮੀਨਲ ਪ੍ਰੋਸੀਜਰ ਕੋਡ 1898 ਅਤੇ ਇੰਡੀਅਨ ਐਵੀਡੈਂਸ ਐਕਟ 1872 ਵਿੱਚ ਅੰਗ੍ਰੇਜ਼ਾਂ ਦੀ ਸੰਸਦ ਦੁਆਰਾ ਪਾਸ ਕੀਤੇ ਗਏ ਸਨ। ਹੁਣ ਇੰਡੀਅਨ ਪੀਨਲ ਕੋਡ-1860 ਦੀ ਜਗ੍ਹਾ ਭਾਰਤੀਯ ਨਯਾਯ ਸੰਹਿਤਾ, ਕ੍ਰਿਮੀਨਲ ਪ੍ਰੋਸੀਜਰ ਕੋਡ 1898 ਦੀ ਜਗ੍ਹਾ ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਇੰਡੀਅਨ ਐਵੀਡੈਂਸ ਐਕਟ 1872 ਦੀ ਜਗ੍ਹਾ ਭਾਰਤੀਯ ਸਾਕਸ਼ਯ ਅਧਿਨਿਯਮ ਸਥਾਪਿਤ ਹੋ ਚੁੱਕੇ ਹਨ।

ਹੁਣ ਇਹ ਤਿੰਨੋਂ ਨਵੇਂ ਕਾਨੂੰਨ ਸਜ਼ਾ-ਕੇਂਦ੍ਰਿਤ ਨਹੀਂ, ਸਗੋਂ ਨਿਆਂ-ਕੇਂਦ੍ਰਿਤ ਅਪਰਾਧਿਕ ਨਿਆਂ ਪ੍ਰਣਾਲੀ ਦੇ ਅਧਾਰ ਬਣ ਗਏ ਹਨ। ਜਦੋਂ ਨਿਆਂ ਦੀ ਗੱਲ ਹੁੰਦੀ ਹੈ ਤਾਂ ਨਿਆਂ ਬਹੁਤ ਵੱਡੇ ਸਮਾਜ ਦੇ ਪ੍ਰਤੀ ਹੁੰਦਾ ਹੈ ਜਿਸ ਵਿੱਚ ਦੋਸ਼ੀ ਅਤੇ ਪੀੜ੍ਹਤ ਦੋਵੇਂ ਆ ਜਾਂਦੇ ਹਨ। ਪਰ 'ਦੰਡ' ਕਹਿਣ 'ਤੇ ਸਿਰਫ਼ ਦੋਸ਼ੀ ਵੱਲ ਹੀ ਦੇਖਿਆ ਜਾਂਦਾ ਹੈ। ਪਰ ਹੁਣ 'ਈਜ਼ ਆਫ਼ ਜਸਟਿਸ' (Ease of Justice) ਨੂੰ ਸਰਲ, ਸੁਸੰਗਤ, ਪਾਰਦਰਸ਼ੀ ਅਤੇ ਜਵਾਬਦੇਹੀ ਨੂੰ ਪ੍ਰਕਿਰਿਆ ਦੇ ਮਾਧਿਅਮ ਨਾਲ ਸਾਕਾਰ ਕੀਤਾ ਗਿਆ ਹੈ। ਅੱਜ ਇਹ ਤਿੰਨੋਂ ਨਵੇਂ ਕਾਨੂੰਨ ਭਾਰਤੀਯ ਨਯਾਯ ਸੰਹਿਤਾ ਦੀ ਆਤਮਾ ਦਾ ਪ੍ਰਗਟਾਵਾ ਹਨ। ਸਹੀ ਅਰਥਾਂ ਵਿੱਚ ਆਜ਼ਾਦੀ ਦੇ ਇੰਨੇ ਦਹਾਕਿਆਂ ਬਾਅਦ ਪਹਿਲੀ ਵਾਰ ਤਿੰਨੋਂ ਅਪਰਾਧਿਕ ਕਾਨੂੰਨਾਂ ਨਾਲ ਨਿਆਂ ਪ੍ਰਣਾਲੀ ਦਾ ਮਨੁੱਖੀਕਰਣ ਹੋਇਆ ਹੈ।



ਕਰਤਵਯ ਪਥ 'ਤੇ ਝਾਂਕੀ... ਸਜ਼ਾ ਤੋਂ ਨਿਆਂ ਵੱਲ

> 21ਵੀਂ ਸਦੀ ਦਾ ਸਭ ਤੋਂ ਵੱਡਾ ਸੁਧਾਰ ਸਾਡੀ ਅਪਰਾਧਿਕ ਨਿਆਂ ਪ੍ਰਣਾਲੀ ਦੇ ਤਿੰਨ ਨਵੇਂ ਕਾਨੂੰਨ ਹਨ। Citizen First, Dignity First ਅਤੇ Justice First ਦੇ ਮੂਲ ਮੰਤਰ ਨਵੇਂ ਅਪਰਾਧਿਕ ਕਾਨੂੰਨਾਂ ਦੇ ਅਧਾਰ ਹਨ। ਅੱਜ ਸਾਡੀ ਪੁਲਿਸ ਡੰਡੇ ਦੀ ਜਗ੍ਹਾ ਡੇਟਾ ਅਤੇ ਥਰਡ ਡਿਗਰੀ ਦੀ ਜਗ੍ਹਾ ਸਾਇੰਟਿਫਿਕ ਐਵੀਡੈਂਸ 'ਤੇ ਕੰਮ ਕਰ ਰਹੀ ਹੈ।
>
> **– ਅਮਿਤ ਸ਼ਾਹ, ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ**

ਇਹ ਨਯਾਯ ਸੰਹਿਤਾ ਅੱਜ ਲੋਕਤੰਤਰ ਦੀ ਮੂਲ ਭਾਵਨਾ- 'ਜਨਤਾ ਦਾ, ਜਨਤਾ ਦੇ ਦੁਆਰਾ ਜਨਤਾ ਦੇ ਲਈ' ਨੂੰ ਸਸ਼ਕਤ ਕਰ ਰਹੀ ਹੈ। ਆਜ਼ਾਦ ਭਾਰਤ ਦੀ ਆਪਣੀ ਨਯਾਯ ਸੰਹਿਤਾ ਸਮਾਨਤਾ, ਸਦਭਾਵਨਾ ਅਤੇ ਸਮਾਜਿਕ ਨਿਆਂ ਦੇ ਵਿਚਾਰਾਂ ਨਾਲ ਬੁਣੀ ਗਈ ਹੈ। ਅਕਸਰ ਕਿਹਾ ਜਾਂਦਾ ਹੈ ਕਿ ਕਾਨੂੰਨ ਦੀ ਨਜ਼ਰ ਵਿੱਚ ਸਾਰੇ ਇੱਕ ਬਰਾਬਰ ਹੁੰਦੇ ਹਨ, ਪਰ ਵਿਵਹਾਰਿਕ ਸੱਚਾਈ ਕੁਝ ਹੋਰ ਹੀ ਸੀ। ਗ਼ਰੀਬ-ਕਮਜ਼ੋਰ ਵਿਅਕਤੀ ਕਾਨੂੰਨ ਦੇ ਨਾਮ ਤੋਂ ਡਰਦਾ ਸੀ। ਕੋਰਟ-ਕਚਹਿਰੀ-ਥਾਣੇ ਵਿੱਚ ਕਦਮ ਰੱਖਣ ਤੋਂ ਡਰਦਾ ਸੀ। ਪਰ ਹੁਣ ਭਾਰਤੀਯ ਨਯਾਯ ਸੰਹਿਤਾ ਸਮਾਜ ਦੇ ਇਸ ਮਨੋਵਿਗਿਆਨ ਨੂੰ ਬਦਲ ਰਹੀ ਹੈ। ਉਸ ਨੂੰ ਭਰੋਸਾ ਹੋਣ ਲੱਗਾ ਹੈ ਕਿ ਦੇਸ਼ ਦਾ ਕਾਨੂੰਨ ਸਮਾਨਤਾ ਦੀ ਗਰੰਟੀ ਹੈ। ਇਹੀ ਸੱਚਾ ਸਮਾਜਿਕ ਨਿਆਂ ਹੈ, ਜਿਸ ਦਾ ਭਰੋਸਾ ਸੰਵਿਧਾਨ ਵਿੱਚ ਦਿਵਾਇਆ ਗਿਆ ਹੈ।

### ਜਨ-ਜਨ ਵਿੱਚ ਸੁਰੱਖਿਆ ਦੀ ਭਾਵਨਾ ਹੋਈ ਮਜ਼ਬੂਤ

ਕਿਸੇ ਵੀ ਦੇਸ਼ ਦੀ ਅਸਲੀ ਸ਼ਕਤੀ ਉੱਥੋਂ ਦੇ ਲੋਕ ਹੁੰਦੇ ਹਨ ਅਤੇ ਲੋਕਾਂ ਨੂੰ ਸ਼ਕਤੀ ਮਿਲਦੀ ਹੈ ਦੇਸ਼ ਦੇ ਕਾਨੂੰਨ ਤੋਂ। ਇਸੇ ਵਜ੍ਹਾ ਨਾਲ ਲੋਕ ਛਾਤੀ ਤਾਣ ਕੇ ਕਹਿੰਦੇ ਹਨ ਕਿ ਉਹ ਕਾਨੂੰਨ ਦੀ ਪਾਲਣਾ ਕਰਦੇ ਹਨ। ਕਾਨੂੰਨ ਦੇ ਪ੍ਰਤੀ ਨਾਗਰਿਕਾਂ ਦੀ ਇਹ ਨਿਸ਼ਠਾ ਰਾਸ਼ਟਰ ਦੀ ਸਭ ਤੋਂ ਵੱਡੀ ਪੂੰਜੀ ਹੁੰਦੀ ਹੈ। ਕੋਈ ਵੀ ਨਿਯਮ ਜਾਂ ਕਾਨੂੰਨ ਉਦੋਂ ਹੀ ਪ੍ਰਭਾਵਸ਼ਾਲੀ ਹੁੰਦੇ ਹਨ ਜਦੋਂ ਉਹ ਸਮੇਂ ਦੇ ਮੁਤਾਬਕ ਪ੍ਰਸੰਗਿਕ ਹੋਣ। ਅੱਜ ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ। ਅਪਰਾਧ ਅਤੇ ਅਪਰਾਧੀਆਂ ਦੇ ਤਰੀਕੇ ਬਦਲ ਗਏ ਹਨ। ਅਜਿਹੇ ਵਿੱਚ 19ਵੀਂ ਸਦੀ ਦੀ ਕੋਈ ਵਿਵਸਥਾ ਵਿਵਹਾਰਿਕ ਨਹੀਂ ਹੋ ਸਕਦੀ। ਇਸ ਲਈ ਇਨ੍ਹਾਂ ਕਾਨੂੰਨਾਂ ਨੂੰ ਭਾਰਤੀ ਬਣਾਉਣ ਦੇ ਨਾਲ ਆਧੁਨਿਕ ਵੀ

# ਡਿਜੀਟਲ ਪ੍ਰਕਿਰਿਆ ਦੇ ਨਾਲ ਸਮੇਂ ਸਿਰ ਨਿਆਂ

## ਨਵੇਂ ਕਾਨੂੰਨ ਦੇ 2 ਵਰ੍ਹੇ, ਉਪਲਬਧੀਆਂ

**ਸਮਾਂ ਸੀਮਾ + ਤਕਨੀਕ = ਭਰੋਸਾ**




60 ਦਿਨਾਂ ਵਿੱਚ ਚਾਰਜਸ਼ੀਟ/ਫਾਈਨਲ ਰਿਪੋਰਟ ਦੀ ਪਾਲਣਾ ਦਰ

**50.92%** 2024 → **61.11%** 2026

90 ਦਿਨਾਂ ਵਿੱਚ ਚਾਰਜਸ਼ੀਟ/ਫਾਈਨਲ ਰਿਪੋਰਟ ਦੀ ਪਾਲਣਾ ਦਰ

**39.56%** 2024 → **51.28%** 2026

BNS ਦੇ ਤਹਿਤ FIR
**63.08 ਲੱਖ**



ਚਾਰਜਸ਼ੀਟ/ਫਾਈਨਲ ਰਿਪੋਰਟ
**51.95 ਲੱਖ**

**35.06 ਲੱਖ**
ਈ-ਸਬੂਤਾਂ ਦੇ ਮਾਧਿਅਮ ਨਾਲ 'ਸਬੂਤ ID' ਤਿਆਰ ਕੀਤੀਆਂ ਗਈਆਂ

**59,572** ਕੁੱਲ Zero FIR ਦਰਜ





1 ਜੁਲਾਈ 2024 ਤੋਂ 30 ਅਪ੍ਰੈਲ 2026 ਤੱਕ ਦੇ ਅੰਕੜੇ

ਬਣਾਇਆ ਗਿਆ ਹੈ। ਹੁਣ ਡਿਜੀਟਲ ਸਬੂਤਾਂ ਨੂੰ ਵੀ ਮਹੱਤਵਪੂਰਨ ਸਬੂਤ ਵਜੋਂ ਰੱਖਿਆ ਗਿਆ ਹੈ। ਜਾਂਚ ਦੇ ਦੌਰਾਨ ਸਬੂਤਾਂ ਨਾਲ ਕੋਈ ਛੇੜਛਾੜ ਨਾ ਹੋਵੇ, ਇਸ ਲਈ ਪੂਰੀ ਪ੍ਰਕਿਰਿਆ ਦੀ ਵੀਡੀਓਗ੍ਰਾਫੀ ਨੂੰ ਲਾਜ਼ਮੀ ਕੀਤਾ ਗਿਆ ਹੈ। ਹੁਣ ਅਦਾਲਤ ਅਤੇ ਪੁਲਿਸ ਵੱਲੋਂ ਸਿੱਧੇ ਫੋਨ 'ਤੇ ਇਲੈਕਟ੍ਰੌਨਿਕ ਮਾਧਿਅਮ ਨਾਲ ਸੰਮਨ ਭੇਜੇ ਜਾ ਸਕਦੇ ਹਨ। ਗਵਾਹ ਦੇ ਬਿਆਨ ਦੀ ਆਡੀਓ-ਵੀਡੀਓ ਰਿਕਾਰਡਿੰਗ ਕੀਤੀ ਜਾ ਸਕਦੀ ਹੈ। ਡਿਜੀਟਲ ਸਬੂਤ ਅਦਾਲਤ ਵਿੱਚ ਮਾਨਤਾ ਪ੍ਰਾਪਤ ਹਨ ਅਤੇ ਨਿਆਂ ਦਾ ਅਧਾਰ ਬਣ ਰਹੇ ਹਨ। ਇਸ ਨਾਲ ਅਪਰਾਧੀ ਦੇ ਫੜੇ ਜਾਣ ਤੱਕ ਗੈਰ-ਜ਼ਰੂਰੀ ਸਮਾਂ ਬਰਬਾਦ ਨਹੀਂ ਹੋਵੇਗਾ।

ਇਹ ਬਦਲਾਅ ਦੇਸ਼ ਦੀ ਸੁਰੱਖਿਆ ਲਈ ਵੀ ਜ਼ਰੂਰੀ ਸਨ। ਡਿਜੀਟਲ ਸਬੂਤਾਂ ਅਤੇ ਤਕਨਾਲੋਜੀ ਦੇ ਤਾਲਮੇਲ ਨਾਲ ਅੱਤਵਾਦ ਵਿਰੁੱਧ ਲੜਨ ਵਿੱਚ ਮਦਦ ਮਿਲ ਰਹੀ ਹੈ। ਨਵੇਂ ਕਾਨੂੰਨਾਂ ਵਿੱਚ ਅੱਤਵਾਦੀ ਜਾਂ ਅੱਤਵਾਦੀ ਸੰਗਠਨ ਕਾਨੂੰਨ ਦੀਆਂ ਜਟਿਲਤਾਵਾਂ ਦਾ ਫਾਇਦਾ ਨਹੀਂ ਉਠਾ ਸਕਦੇ।

ਇਨ੍ਹਾਂ ਕਾਨੂੰਨਾਂ ਨਾਲ ਹਰ ਵਿਭਾਗ ਦੀ ਕਾਰਜਕੁਸ਼ਲਤਾ ਹੋਰ ਵਧੀ ਹੈ। ਨਾਲ ਹੀ, ਦੇਸ਼ ਦੀ ਤਰੱਕੀ ਨੂੰ ਵੀ ਗਤੀ ਮਿਲ ਰਹੀ ਹੈ। ਕਾਨੂੰਨੀ ਅੜਚਨਾਂ ਦੇ ਦੂਰ ਹੋਣ ਨਾਲ ਭ੍ਰਿਸ਼ਟਾਚਾਰ ਘੱਟ ਹੋਇਆ ਹੈ। ਇਸ ਦਾ ਅਸਰ ਨਿਵੇਸ਼ 'ਤੇ ਵੀ ਪੈ ਰਿਹਾ ਹੈ। ਪਹਿਲਾਂ ਨਿਵੇਸ਼ਕ ਭਾਰਤ ਵਿੱਚ ਇਸ ਲਈ ਨਿਵੇਸ਼ ਨਹੀਂ ਕਰਨਾ ਚਾਹੁੰਦੇ ਸਨ

ਜਿਨਸੀ ਅਪਰਾਧਾਂ ਵਿੱਚ ਦੋ ਮਹੀਨਿਆਂ ਦੇ ਅੰਦਰ ਚਾਰਜਸ਼ੀਟ ਦਾਖਲ ਕਰਨ ਦੀ ਪਾਲਣਾ ਦਰ




**ਫੋਰੈਂਸਿਕ ਸਮਰੱਥਾ-ਵਿਸਤਾਰ**

**16** NFSU ਪ੍ਰਸਤਾਵਿਤ/ਸੰਚਾਲਿਤ
9 ਸਥਾਪਿਤ + 7 ਵਾਧੂ ਪ੍ਰਵਾਨਿਤ

**15** CFSL ਪ੍ਰਸਤਾਵਿਤ/ਸੰਚਾਲਿਤ
7 ਸਥਾਪਿਤ + 8 ਵਾਧੂ ਪ੍ਰਵਾਨਿਤ

**7+ ਸਾਲ** ਦੀ ਸਜ਼ਾ ਵਾਲੇ ਗੰਭੀਰ ਅਪਰਾਧਾਂ ਵਿੱਚ ਫੋਰੈਂਸਿਕ ਮਾਹਿਰ ਦੀ ਭੂਮਿਕਾ ਲਾਜ਼ਮੀ/ ਮਹੱਤਵਪੂਰਨ ਅਧਾਰ



***ਨਵੇਂ ਅਪਰਾਧਿਕ ਕਾਨੂੰਨਾਂ ਵਿੱਚ ਪਹਿਲੀ ਵਾਰ ਅੱਤਵਾਦ, ਸੰਗਠਿਤ ਅਪਰਾਧ ਅਤੇ ਮੌਬ ਲਿੰਚਿੰਗ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਲਿਸ, ਨਿਆਂਪਾਲਿਕਾ ਅਤੇ ਮੁੱਕਦਮੇ ਤਿੰਨਾਂ ਦੇ ਲਈ ਸਮਾਂ ਸੀਮਾ ਦਾ ਨਿਰਧਾਰਣ ਵੀ ਪਹਿਲੀ ਵਾਰ ਕੀਤਾ ਗਿਆ ਹੈ। ਪੁਲਿਸ, ਜੇਲ੍ਹ, ਨਿਆਂਪਾਲਿਕਾ, ਮੁੱਕਦਮਾ ਅਤੇ ਫੋਰੈਂਸਿਕ ਦੇ ਪੰਜਾਂ ਥੰਮ੍ਹਾਂ ਨੂੰ ਔਨਲਾਈਨ ਜੋੜ ਦਿੱਤਾ ਗਿਆ ਹੈ।***

***-ਅਮਿਤ ਸ਼ਾਹ, ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ***

ਕਿਉਂਕਿ ਕੋਈ ਮੁੱਕਦਮਾ ਹੋਇਆ ਤਾਂ ਉਸੇ ਵਿੱਚ ਕਈ ਸਾਲ ਨਿਕਲ ਜਾਣਗੇ। ਇਹ ਡਰ ਖ਼ਤਮ ਹੋਇਆ ਹੈ। ਇਸ ਨਾਲ ਦੇਸ਼ ਦੀ ਅਰਥ ਵਿਵਸਥਾ ਨੂੰ ਵੀ ਮਜ਼ਬੂਤੀ ਮਿਲ ਰਹੀ ਹੈ।

### ਵਿਰਾਟ ਮੰਥਨ ਨਾਲ ਬਣੀ ਆਜ਼ਾਦ ਭਾਰਤ ਦੀ ਆਪਣੀ ਸੰਹਿਤਾ

ਸੰਵਿਧਾਨ ਦੇ 75 ਵਰ੍ਹੇ ਪੂਰੇ ਹੋਣ ਦੇ ਮੌਕੇ 'ਤੇ 1 ਜੁਲਾਈ 2024 ਨੂੰ ਸੰਵਿਧਾਨ ਦੀ ਭਾਵਨਾ ਤੋਂ ਪ੍ਰੇਰਿਤ ਭਾਰਤੀਯ ਨਯਾਯ ਸੰਹਿਤਾ ਦੀ ਸ਼ੁਰੂਆਤ ਹੋਣਾ ਇੱਕ ਵੱਡੀ ਸ਼ੁਰੂਆਤ ਬਣ ਕੇ ਆਇਆ। ਇਹ ਸੰਵਿਧਾਨ ਦੇ ਆਦਰਸ਼ਾਂ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਇੱਕ ਠੋਸ ਯਤਨ ਸੀ। ਦੇਸ਼ ਦੀ ਨਵੀਂ ਨਯਾਯ ਸੰਹਿਤਾ ਆਪਣੇ ਆਪ ਵਿੱਚ ਜਿੰਨਾ ਸਮੁੱਚਾ ਦਸਤਾਵੇਜ਼ ਹੈ, ਉਸ ਨੂੰ ਬਣਾਉਣ ਦੀ ਪ੍ਰਕਿਰਿਆ ਵੀ ਓਨੀ ਹੀ ਵਿਆਪਕ ਰਹੀ ਹੈ। ਇਸ ਵਿੱਚ ਦੇਸ਼ ਦੇ ਮਹਾਨ ਸੰਵਿਧਾਨਕ ਮਾਹਿਰਾਂ ਅਤੇ ਕਾਨੂੰਨੀ ਵਿਦਵਾਨਾਂ ਦੀ ਸਖ਼ਤ ਮਿਹਨਤ ਜੁੜੀ ਹੈ।

ਇਸ ਕਾਨੂੰਨ ਵਿੱਚ ਭਾਰਤੀਅਤਾ ਦੀ ਆਤਮਾ ਵਸਾਉਣ ਦੇ ਲਈ ਕੇਂਦਰ ਸਰਕਾਰ ਵੱਲੋਂ 2019 ਤੋਂ ਹੀ ਸਲਾਹ-ਮਸ਼ਵਰੇ ਦੀ ਇੱਕ ਵਿਆਪਕ ਪ੍ਰਕਿਰਿਆ ਚਲਾਈ ਗਈ। ਇਸ ਵਿੱਚ ਸਾਰੀਆਂ ਹਾਈ ਕੋਰਟਾਂ ਦੇ ਮੁੱਖ ਜੱਜਾਂ, ਸੁਪਰੀਮ ਕੋਰਟ ਦੇ ਜੱਜਾਂ, ਕਾਨੂੰਨ ਨਾਲ ਜੁੜੀਆਂ ਯੂਨੀਵਰਸਿਟੀਆਂ, ਸਾਂਸਦਾਂ, ਮੁੱਖ ਮੰਤਰੀਆਂ, ਰਾਜਪਾਲਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਪ੍ਰਸ਼ਾਸਕਾਂ ਸਮੇਤ ਬੁੱਧੀਜੀਵੀਆਂ ਅਤੇ ਆਮ ਨਾਗਰਿਕਾਂ ਨਾਲ ਚਰਚਾ ਕੀਤੀ ਗਈ। ਬੇਜਬਰੂਆ ਕਮੇਟੀ, ਵਿਸ਼ਵਨਾਥਨ ਕਮੇਟੀ, ਮਲੀਮਥ ਕਮੇਟੀ, ਮਾਧਵ ਮੇਨਨ ਕਮੇਟੀ ਅਤੇ ਗ੍ਰਹਿ ਮੰਤਰਾਲੇ ਦੀ ਸੰਸਦ ਦੀ ਸਥਾਈ ਕਮੇਟੀ ਦੀ ਵਰ੍ਹੇ 2011, ਵਰ੍ਹੇ 2005 ਅਤੇ ਵਰ੍ਹੇ 2006 ਦੀ 111ਵੀਂ ਰਿਪੋਰਟ, 110ਵੀਂ ਰਿਪੋਰਟ, 146ਵੀਂ ਰਿਪੋਰਟ ਅਤੇ ਸਾਰੇ ਰਾਜਪਾਲਾਂ, ਮੁੱਖ ਮੰਤਰੀਆਂ, ਵਿਧਾਇਕਾਂ-ਸਾਂਸਦਾਂ, ਜੱਜਾਂ, ਹਾਈ ਕੋਰਟ, ਸੁਪਰੀਮ ਕੋਰਟ ਅਤੇ ਕਾਨੂੰਨ ਯੂਨੀਵਰਸਿਟੀਆਂ ਤੋਂ ਆਏ ਸੁਝਾਵਾਂ 'ਤੇ ਵਿਚਾਰ ਕਰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਖੁਦ ਇੱਕ-ਇੱਕ ਲਾਈਨ ਨੂੰ ਪੜ੍ਹ ਕੇ ਕਾਨੂੰਨ ਦਾ ਢਾਂਚਾ ਤਿਆਰ ਕੀਤਾ। ਸੰਸਦ ਦੁਆਰਾ ਪਾਸ ਹੋਣ ਅਤੇ ਰਾਸ਼ਟਰਪਤੀ ਦੁਆਰਾ ਮਨਜ਼ੂਰੀ ਮਿਲਣ ਤੋਂ ਬਾਅਦ ਇਸ ਕਾਨੂੰਨ ਨੂੰ ਲਾਗੂ



# ਨਵੇਂ ਕਾਨੂੰਨਾਂ ਵਿੱਚ ਕਿਤੇ ਘਟਾਈਆਂ ਤਾਂ ਕਿਤੇ ਵਧਾਈਆਂ ਗਈਆਂ ਧਾਰਾਵਾਂ

*ਕੇਂਦਰ ਸਰਕਾਰ ਨੇ ਨਵੇਂ ਅਪਰਾਧਿਕ ਨਿਆਂ ਸੁਧਾਰ ਕਾਨੂੰਨਾਂ ਵਿੱਚ ਪ੍ਰਾਥਮਿਕਤਾ ਨੂੰ ਲੈ ਕੇ ਮਹੱਤਵਪੂਰਨ ਬਦਲਾਅ ਕੀਤੇ ਹਨ। ਕਿਉਂਕਿ ਆਈਪੀਸੀ 163 ਵਰ੍ਹਿਆਂ ਤੋਂ, ਸੀਆਰਪੀਸੀ 125 ਵਰ੍ਹਿਆਂ ਤੋਂ ਅਤੇ ਐਵੀਡੈਂਸ ਐਕਟ 150 ਵਰ੍ਹਿਆਂ ਪਹਿਲਾਂ ਜੋ ਬ੍ਰਿਟਿਸ਼ ਸੰਸਦ ਨੇ ਬਣਾਏ ਸਨ, ਉਸੇ ਮੁਤਾਬਕ ਚੱਲ ਰਹੇ ਸਨ। ਭਾਰਤੀਯ ਨਯਾਯ ਸੰਹਿਤਾ ਵਿੱਚ ਮਹਿਲਾਵਾਂ, ਬੱਚਿਆਂ ਅਤੇ ਰਾਸ਼ਟਰ ਦੇ ਵਿਰੁੱਧ ਅਪਰਾਧਾਂ ਨਾਲ ਜੁੜੀਆਂ ਧਾਰਾਵਾਂ ਨੂੰ ਸਭ ਤੋਂ ਅੱਗੇ ਰੱਖਿਆ ਗਿਆ ਹੈ ਜੋ ਕਿ ਬਸਤੀਵਾਦੀ ਯੁੱਗ ਦੇ ਕਾਨੂੰਨਾਂ ਦੇ ਉਲਟ ਹੈ। ਪੁਰਾਣੇ ਕਾਨੂੰਨਾਂ ਵਿੱਚ ਰਾਜਧ੍ਰੋਹ ਅਤੇ ਸ਼ਾਹੀ ਖ਼ਜ਼ਾਨੇ ਦੀ ਲੁੱਟ, ਸ਼ਾਸਨ ਦੇ ਅਧਿਕਾਰੀਆਂ 'ਤੇ ਹਮਲੇ ਨਾਲ ਜੁੜੀਆਂ ਧਾਰਾਵਾਂ ਨੂੰ ਪਹਿਲਾਂ ਰੱਖਿਆ ਗਿਆ ਸੀ।*




**358** ਧਾਰਾਵਾਂ ਹੁਣ ਭਾਰਤੀਯ ਨਯਾਯ ਸੰਹਿਤਾ ਵਿੱਚ ਹਨ। ਇਸ ਤੋਂ ਪਹਿਲਾਂ 'ਭਾਰਤੀਯ ਦੰਡ ਸੰਹਿਤਾ, 1860' ਵਿੱਚ 511 ਧਾਰਾਵਾਂ ਸਨ।

**21** ਨਵੇਂ ਅਪਰਾਧਾਂ ਦੀਆਂ ਧਾਰਾਵਾਂ ਜੋੜੀਆਂ ਗਈਆਂ ਹਨ।



**41** ਧਾਰਾਵਾਂ ਵਿੱਚ ਕੈਦ ਦੀ ਸਜ਼ਾ ਵਧਾਈ ਗਈ ਹੈ।

**82** ਅਪਰਾਧਾਂ ਵਿੱਚ ਜੁਰਮਾਨੇ ਦੀ ਰਕਮ ਵਧਾਈ ਗਈ ਹੈ ਅਤੇ 25 ਅਪਰਾਧਾਂ ਵਿੱਚ ਲਾਜ਼ਮੀ ਘੱਟੋ-ਘੱਟ ਸਜ਼ਾ ਦੀ ਸ਼ੁਰੂਆਤ ਕੀਤੀ ਗਈ ਹੈ।

**19** ਧਾਰਾਵਾਂ ਨੂੰ ਖ਼ਤਮ ਕੀਤਾ ਗਿਆ ਹੈ। ਛੇ ਅਪਰਾਧਾਂ ਲਈ ਭਾਈਚਾਰਕ ਸੇਵਾ ਦੀ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ।

ਕਰਨ ਲਈ ਵਿਆਪਕ ਪੱਧਰ 'ਤੇ ਜਨ-ਜਾਗਰੂਕਤਾ ਮੁਹਿੰਮਾਂ ਚਲਾਈਆਂ ਗਈਆਂ, ਤਾਂ ਜੋ ਦੇਸ਼ ਦਾ ਹਰ ਨਾਗਰਿਕ ਆਜ਼ਾਦ ਭਾਰਤ ਦੇ ਆਪਣੇ ਕਾਨੂੰਨਾਂ ਤੋਂ ਜਾਣੂ ਹੋ ਸਕੇ।

ਆਜ਼ਾਦੀ ਦੇ 7 ਦਹਾਕਿਆਂ ਵਿੱਚ ਨਿਆਂ ਪ੍ਰਣਾਲੀ ਦੇ ਸਾਹਮਣੇ ਜੋ ਚੁਣੌਤੀਆਂ ਆਈਆਂ, ਉਨ੍ਹਾਂ 'ਤੇ ਮੰਥਨ ਕੀਤਾ ਗਿਆ। ਸਾਰੇ ਕਾਨੂੰਨਾਂ ਦੇ ਵਿਵਹਾਰਿਕ ਪੱਖ ਅਤੇ ਭਵਿੱਖ ਦੇ ਮਾਪਦੰਡਾਂ 'ਤੇ ਉਨ੍ਹਾਂ ਨੂੰ ਪਰਖਿਆ ਗਿਆ। ਇਸ ਸਮੁੰਦਰ ਮੰਥਨ ਵਰਗੀ ਪ੍ਰਕਿਰਿਆ ਤੋਂ ਅੰਮ੍ਰਿਤ ਕਾਲ ਵਿੱਚ ਭਾਰਤੀਯ ਨਯਾਯ ਸੰਹਿਤਾ ਦੀ ਅੰਮ੍ਰਿਤ ਧਾਰਾ ਨਿਕਲ ਕੇ ਸਾਹਮਣੇ ਆਈ। ਇਸ ਵਿਸ਼ਾਲ ਸਹਿਯੋਗ ਨਾਲ ਬਣੀ ਭਾਰਤ ਦੀ ਨਯਾਯ ਸੰਹਿਤਾ ਭਾਰਤ ਦੀ ਨਿਆਂ ਯਾਤਰਾ ਵਿੱਚ ਮੀਲ ਪੱਥਰ ਸਾਬਤ ਹੋ ਰਹੀ ਹੈ। 1 ਜੁਲਾਈ 2024 ਤੋਂ ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਬ੍ਰਿਟਿਸ਼ ਰਾਜ ਅਤੇ ਬ੍ਰਿਟਿਸ਼ ਕਾਲ ਦੀ ਗ਼ੁਲਾਮੀ ਦੇ ਸਾਰੇ ਚਿੰਨ੍ਹ ਖ਼ਤਮ ਕਰਕੇ ਸੰਪੂਰਨ ਭਾਰਤੀ ਕਾਨੂੰਨ

## ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ

**531** ਧਾਰਾਵਾਂ ਹਨ ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ ਵਿੱਚ, ਪੁਰਾਣੀ ਦੰਡ ਪ੍ਰਕਿਰਿਆ ਸੰਹਿਤਾ 1973 ਵਿੱਚ 484 ਧਾਰਾਵਾਂ ਸਨ। 14 ਧਾਰਾਵਾਂ ਰੱਦ ਕਰ ਦਿੱਤੀਆਂ ਗਈਆਂ ਹਨ।

**177** ਪ੍ਰਾਵਧਾਨਾਂ ਵਿੱਚ ਕੀਤਾ ਗਿਆ ਹੈ ਬਦਲਾਅ। ਇਸ ਵਿੱਚ 9 ਨਵੀਆਂ ਧਾਰਾਵਾਂ ਦੇ ਨਾਲ-ਨਾਲ 39 ਨਵੀਆਂ ਉਪ-ਧਾਰਾਵਾਂ ਜੋੜੀਆਂ ਗਈਆਂ ਹਨ।

**44** ਨਵੇਂ ਸਪੱਸ਼ਟੀਕਰਣ ਅਤੇ ਵਿਆਖਿਆਵਾਂ ਜੋੜੀਆਂ ਗਈਆਂ ਹਨ।




**35** ਧਾਰਾਵਾਂ ਵਿੱਚ ਸਮਾਂ ਸੀਮਾ ਜੋੜੀ ਗਈ ਹੈ।

**35** ਥਾਵਾਂ 'ਤੇ ਆਡੀਓ-ਵੀਡੀਓ ਪ੍ਰਾਵਧਾਨ ਜੋੜਿਆ ਗਿਆ ਹੈ।

## ਭਾਰਤੀਯ ਸਾਕਸ਼ਯ ਅਧਿਨਿਯਮ

**170** ਪ੍ਰਾਵਧਾਨ ਹਨ ਭਾਰਤੀਯ ਸਾਕਸ਼ਯ ਅਧਿਨਿਯਮ ਵਿੱਚ

ਭਾਰਤੀਯ ਸਾਕਸ਼ਯ ਅਧਿਨਿਯਮ 1872 ਵਿੱਚ ਇਹ ਗਿਣਤੀ 167 ਸੀ।

**24** ਪ੍ਰਾਵਧਾਨਾਂ ਵਿੱਚ ਬਦਲਾਅ ਕੀਤਾ ਗਿਆ ਹੈ। ਦੋ ਨਵੀਆਂ ਧਾਰਾਵਾਂ ਅਤੇ ਛੇ ਉਪ-ਧਾਰਾਵਾਂ ਜੋੜੀਆਂ ਗਈਆਂ ਹਨ। ਛੇ ਧਾਰਾਵਾਂ ਨੂੰ ਹਟਾ ਦਿੱਤਾ ਗਿਆ ਹੈ।

## ਕਾਨੂੰਨ ਵਿੱਚ ਠੇਸ ਪਹੁੰਚਾਉਂਦੇ ਸਨ ਇਹ ਸ਼ਬਦ

30 ਜੂਨ 2024 ਤੱਕ ਦੇਸ਼ ਵਿੱਚ ਲਾਗੂ ਕਾਨੂੰਨਾਂ ਵਿੱਚ ਅਜਿਹੀ ਸ਼ਬਦਾਵਲੀ ਸੀ ਜੋ ਆਜ਼ਾਦ ਭਾਰਤ ਦੀ ਆਤਮਾ ਨੂੰ ਠੇਸ ਪਹੁੰਚਾਉਂਦੀ ਸੀ, ਪਰ ਆਜ਼ਾਦੀ ਦੇ 75 ਵਰ੍ਹਿਆਂ ਬਾਅਦ ਵੀ ਉਹੀ ਕਾਨੂੰਨ ਲਾਗੂ ਸਨ। ਇਹ ਸ਼ਬਦ 'United Kingdom' ਦੀ ਸੰਸਦ, ਪ੍ਰਾਂਤਕ ਅਧਿਨਿਯਮ, 'Crown' ਦੇ ਪ੍ਰਤੀਨਿਧੀ, 'London Gazette', 'Jury', 'United Kingdom of Great Britain and Ireland', 'Her Majesty ਸਰਕਾਰ', 'London Gazette' ਦੁਆਰਾ ਸ਼ਾਮਲ ਕੀਤੀਆਂ ਗਈਆਂ ਪ੍ਰਕਿਰਿਆਵਾਂ, 'British Crown' ਦਾ ਅਪਮਾਨ, 'England' ਦੀ ਅਦਾਲਤ ਦੀ ਪਰੰਪਰਾ ਅਤੇ 'Her Majesty Romanian' 'barrister' ਸਨ, ਜਿਨ੍ਹਾਂ ਦਾ ਜ਼ਿਕਰ ਸੀ।



ਲਾਗੂ ਕਰ ਦਿੱਤੇ ਗਏ ਹਨ। ਇਹ ਭਾਰਤ ਦੇ ਕ੍ਰਿਮੀਨਲ ਜਸਟਿਸ ਸਿਸਟਮ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਬਣ ਕੇ ਉੱਭਰਿਆ। ਇਸ ਕਾਨੂੰਨ ਦੇ ਪੂਰੀ ਤਰ੍ਹਾਂ ਅਮਲ ਵਿੱਚ ਆਉਣ ਤੋਂ ਬਾਅਦ 'ਤਾਰੀਖ ਪੇ ਤਾਰੀਖ' ਦਾ ਜ਼ਮਾਨਾ ਖ਼ਤਮ ਹੋ ਜਾਵੇਗਾ। ਹੁਣ ਤਿੰਨ ਵਰ੍ਹਿਆਂ ਵਿੱਚ ਕਿਸੇ ਵੀ ਪੀੜ੍ਹਤ ਨੂੰ ਨਿਆਂ ਮਿਲ ਜਾਵੇ, ਅਜਿਹੀ ਨਿਆਂ ਪ੍ਰਣਾਲੀ ਇਸ ਦੇਸ਼ ਦੇ ਅੰਦਰ ਸਥਾਪਿਤ ਹੋ ਚੁੱਕੀ ਹੈ।

ਪਿਛਲੇ 2 ਵਰ੍ਹਿਆਂ ਵਿੱਚ ਭਾਰਤ ਦੇ ਨਵੇਂ ਕਾਨੂੰਨਾਂ ਨੇ ਨਿਆਂ ਦੀ ਪੂਰੀ ਤਸਵੀਰ ਬਦਲ ਦਿੱਤੀ ਹੈ, ਜਿਸ ਦਾ ਸਿੱਧਾ ਅਸਰ ਹੁਣ ਦੇਸ਼ ਦਾ ਹਰ ਨਾਗਰਿਕ ਮਹਿਸੂਸ ਕਰ ਰਿਹਾ ਹੈ। ਪੀਐੱਮ ਮੋਦੀ ਦੀ ਅਗਵਾਈ ਵਿੱਚ ਸ਼ੁਰੂ ਹੋਈ 'ਭਾਰਤੀਯ ਨਯਾਯ ਸੰਹਿਤਾ' ਨੇ ਨਿਆਂ ਦੀ ਇੱਕ ਨਵੀਂ ਸ਼ੁਰੂਆਤ ਕੀਤੀ ਹੈ, ਜੋ ਅੱਜ ਦੇ ਬਦਲਦੇ ਭਾਰਤ ਦੀ ਸੋਚ ਨੂੰ ਦਰਸਾਉਂਦੀ ਹੈ। ■

**1 ਜੁਲਾਈ, 2026 ਤੋਂ ਵਿਕਸਿਤ ਭਾਰਤ - ਜੀ ਰਾਮ ਜੀ ਲਾਗੂ**

# ਗ੍ਰਾਮੀਣ ਭਾਰਤ ਵਿੱਚ ਹੁਣ 125 ਦਿਨਾਂ ਦੀ ਰੁਜ਼ਗਾਰ ਗਰੰਟੀ

ਕਿਸੇ ਵੀ ਵਿਕਾਸਸ਼ੀਲ ਰਾਸ਼ਟਰ ਵਿੱਚ ਜਾਂ ਇੰਝ ਕਹੀਏ ਕਿ ਗ੍ਰਾਮੀਣ ਭਾਰਤ ਵਿੱਚ ਆਜੀਵਿਕਾ ਦੇ ਲਈ ਘੱਟੋ-ਘੱਟ 125 ਦਿਨਾਂ ਦਾ ਰੁਜ਼ਗਾਰ ਮਿਲਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਇਸੇ ਵਿਜ਼ਨ ਨਾਲ ਕੋਵਿਡ-19 ਦੇ ਸੰਕਟ ਵਿੱਚ ਗ਼ਰੀਬ ਕਲਿਆਣ ਰੁਜ਼ਗਾਰ ਗਰੰਟੀ ਅਭਿਆਨ ਵੀ 125 ਦਿਨ ਚਲਾਇਆ ਸੀ। ਇਸੇ ਦੂਰਦਰਸ਼ੀ ਸੋਚ ਨਾਲ ਤਿਆਰ 'ਵਿਕਸਿਤ ਭਾਰਤ - ਜੀ ਰਾਮ ਜੀ' ਕਾਨੂੰਨ 1 ਜੁਲਾਈ ਤੋਂ ਲਾਗੂ ਹੋ ਗਿਆ ਹੈ, ਇਸ ਨੇ ਮਨਰੇਗਾ ਦੀ ਜਗ੍ਹਾ ਲਈ ਹੈ। ਜੀ ਰਾਮ ਜੀ ਵਿੱਚ ਹਰੇਕ ਗ੍ਰਾਮੀਣ ਪਰਿਵਾਰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਸਰੀਰਕ ਮਿਹਨਤ ਦੀ ਮੰਗ ਕਰਨਗੇ, ਉਨ੍ਹਾਂ ਨੂੰ ਹਰ ਵਿੱਤੀ ਵਰ੍ਹੇ ਵਿੱਚ ਦਿੱਤੀ ਜਾਵੇਗੀ 125 ਦਿਨਾਂ ਦੀ ਮਜ਼ਦੂਰੀ ਅਧਾਰਿਤ ਰੁਜ਼ਗਾਰ ਦੀ ਗਰੰਟੀ...

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਗ੍ਰਾਮੀਣ ਭਾਰਤ ਦੇ ਵਿਕਾਸ ਤੋਂ ਬਿਨਾਂ ਵਿਕਸਿਤ ਭਾਰਤ ਦਾ ਸੁਪਨਾ ਸਾਕਾਰ ਨਹੀਂ ਹੋ ਸਕਦਾ। ਇਹੀ ਕਾਰਨ ਹੈ ਕਿ ਸੰਵੇਦਨਸ਼ੀਲ ਅਤੇ ਚੁਣੇ ਹੋਏ ਪ੍ਰਧਾਨ ਮੰਤਰੀ ਦੇ ਤੌਰ 'ਤੇ ਸਭ ਤੋਂ ਲੰਬੇ ਸਮੇਂ ਤੱਕ ਸ਼ਾਸਨ ਦਾ ਰਿਕਾਰਡ ਬਣਾਉਣ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਗ੍ਰਾਮੀਣ ਭਾਰਤ ਦੇ ਵਿਕਾਸ ਦੇ ਲਈ ਪਿਛਲੇ 12 ਵਰ੍ਹਿਆਂ ਤੋਂ ਲਗਾਤਾਰ ਯੋਜਨਾਵਾਂ ਜ਼ਮੀਨ 'ਤੇ ਉਤਾਰ ਰਹੇ ਹਨ। ਮਾਰਚ, 2020 ਵਿੱਚ ਜਦੋਂ ਕੋਵਿਡ-19 ਦੀ ਵਿਸ਼ਵਵਿਆਪੀ ਮਹਾਮਾਰੀ ਵਿੱਚ ਲੌਕਡਾਊਨ ਦਾ ਐਲਾਨ ਕੀਤਾ ਗਿਆ, ਤਾਂ 1.75 ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਗ਼ਰੀਬ ਕਲਿਆਣ ਪੈਕੇਜ ਦਾ ਐਲਾਨ ਕੀਤਾ। ਫਿਰ ਪਿੰਡਾਂ ਵਿੱਚ ਵਾਪਸ ਆਉਣ ਵਾਲੇ ਪ੍ਰਵਾਸੀ ਮਜ਼ਦੂਰਾਂ ਨੂੰ ਰੁਜ਼ਗਾਰ ਅਤੇ ਆਜੀਵਿਕਾ ਦੇ ਵਿਆਪਕ ਮੌਕੇ ਉਪਲਬਧ ਕਰਵਾਉਣ ਦੇ ਲਈ ਗ਼ਰੀਬ ਕਲਿਆਣ ਰੁਜ਼ਗਾਰ ਅਭਿਆਨ ਦੀ ਸ਼ੁਰੂਆਤ ਕਰਕੇ 50 ਹਜ਼ਾਰ ਕਰੋੜ ਰੁਪਏ ਦੀਆਂ ਯੋਜਨਾਵਾਂ ਲਾਗੂ ਕੀਤੀਆਂ। ਗਰੀਬਾਂ ਨੂੰ ਗੁਣਵੱਤਾਪੂਰਨ ਜੀਵਨ ਸ਼ੈਲੀ ਦੇਣ ਦੀ ਉਨ੍ਹਾਂ ਦੀ ਸੋਚ ਦਾ ਹੀ ਨਤੀਜਾ ਹੈ ਕਿ ਹੁਣ ਵਿਕਸਿਤ ਭਾਰਤ - ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) ਵਿੱਚ ਵੀ 125 ਦਿਨਾਂ ਦੀ ਮੰਗ ਅਧਾਰਿਤ ਰੁਜ਼ਗਾਰ ਦੀ ਗਰੰਟੀ ਦਿੱਤੀ ਗਈ ਹੈ। ਇਹ ਨਵਾਂ ਕਾਨੂੰਨ ਗ੍ਰਾਮੀਣ ਭਾਰਤ ਨੂੰ ਆਤਮ-ਨਿਰਭਰ ਬਣਾਉਣ ਦਾ ਇੱਕ ਬਲੂਪ੍ਰਿੰਟ ਹੈ ਜੋ 1 ਜੁਲਾਈ ਤੋਂ ਲਾਗੂ ਹੋ ਗਿਆ ਹੈ। ਵਿਕਸਿਤ ਭਾਰਤ - ਰੁਜ਼ਗਾਰ ਗਰੰਟੀ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) ਯਾਨੀ ਵੀਬੀ -ਜੀ ਰਾਮ ਜੀ ਕਾਨੂੰਨ ਭਾਰਤ ਦੀ ਗ੍ਰਾਮੀਣ ਰੁਜ਼ਗਾਰ ਨੀਤੀ ਵਿੱਚ ਇੱਕ



# ਵਿਕਸਿਤ ਭਾਰਤ ਜੀ ਰਾਮ ਜੀ ਦੇ ਪ੍ਰਮੁੱਖ ਬਿੰਦੂ...

- ਇੱਕ ਵਿੱਤੀ ਵਰ੍ਹੇ ਵਿੱਚ ਗ੍ਰਾਮੀਣ ਪਰਿਵਾਰ ਲਈ ਮਜ਼ਦੂਰੀ ਰੁਜ਼ਗਾਰ ਗਰੰਟੀ ਨੂੰ ਮਨਰੇਗਾ ਵਿੱਚ ਪ੍ਰਤੀ ਵਰ੍ਹੇ 100 ਦਿਨ ਤੋਂ ਵਧਾ ਕੇ ਨਵੇਂ ਕਾਨੂੰਨ ਵਿੱਚ 125 ਦਿਨ ਕੀਤਾ ਗਿਆ ਹੈ।
- ਇਸ ਕਾਨੂੰਨ ਦੇ ਤਹਿਤ ਮਨਰੇਗਾ ਵਿੱਚ ਵਿਆਪਕ ਕਾਨੂੰਨੀ ਬਦਲਾਅ ਕਰਕੇ ਉਸ ਨੂੰ ਰਿਪਲੇਸ ਕੀਤਾ ਗਿਆ ਹੈ ਜੋ ਜਵਾਬਦੇਹੀ, ਬੁਨਿਆਦੀ ਢਾਂਚੇ ਦੇ ਨਤੀਜਿਆਂ ਅਤੇ ਆਮਦਨ ਸੁਰੱਖਿਆ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ।
- ਗ੍ਰਾਮ ਸਭਾ, ਇਸ ਐਕਟ ਦੇ ਤਹਿਤ ਕੀਤੇ ਗਏ ਸਾਰੇ ਕੰਮਾਂ ਦੀ ਮੌਨੀਟਰਿੰਗ ਕਰੇਗੀ। ਇਸ ਦੇ ਲਈ ਗ੍ਰਾਮ ਪੰਚਾਇਤ ਸਾਰੇ ਦਸਤਾਵੇਜ਼ ਉਪਲਬਧ ਕਰਵਾਏਗੀ।
- ਨਿਰਧਾਰਿਤ ਸਮੇਂ-ਸੀਮਾ ਦੇ ਅੰਦਰ ਕੰਮ ਉਪਲਬਧ ਕਰਵਾਇਆ ਜਾਵੇਗਾ। ਅਜਿਹਾ ਨਾ ਹੋਣ ਦੀ ਸਥਿਤੀ ਵਿੱਚ ਮਜ਼ਦੂਰ ਬੇਰੁਜ਼ਗਾਰੀ ਭੱਤਾ ਪਾਉਣ ਦੇ ਹੱਕਦਾਰ ਹੋਣਗੇ।
- ਮਜ਼ਦੂਰੀ ਦਾ ਭੁਗਤਾਨ ਹਫ਼ਤਾਵਾਰੀ ਜਾਂ ਮਸਟਰ ਰੋਲ ਬੰਦ ਹੋਣ ਦੇ 15 ਦਿਨਾਂ ਦੇ ਅੰਦਰ ਡੀਬੀਟੀ ਦੇ ਮਾਧਿਅਮ ਰਾਹੀਂ ਸਿੱਧਾ ਮਜ਼ਦੂਰਾਂ ਦੇ ਖਾਤਿਆਂ ਵਿੱਚ ਕੀਤਾ ਜਾਵੇਗਾ।
- ਸਮੇਂ ਸਿਰ ਮਜ਼ਦੂਰੀ ਦਾ ਭੁਗਤਾਨ ਨਾ ਕੀਤੇ ਜਾਣ 'ਤੇ ਐਕਟ ਦੇ ਪ੍ਰਾਵਧਾਨਾਂ ਦੇ ਅਨੁਸਾਰ ਮਜ਼ਦੂਰ ਦੇਰੀ ਦੇ ਮੁਆਵਜ਼ਾ ਪਾਉਣ ਦੇ ਯੋਗ ਹੋਣਗੇ।
- ਮੌਜੂਦਾ ਈ-ਕੇਵਾਈਸੀ ਪ੍ਰਮਾਣਿਤ ਮਨਰੇਗਾ ਜੌਬ ਕਾਰਡ, ਗ੍ਰਾਮੀਣ ਰੁਜ਼ਗਾਰ ਗਰੰਟੀ ਕਾਰਡ ਜਾਰੀ ਹੋਣ ਤੱਕ ਵਿਕਸਿਤ ਭਾਰਤ-ਜੀ ਰਾਮ ਜੀ ਦੇ ਤਹਿਤ ਮਾਨਤਾ ਪ੍ਰਾਪਤ ਰਹਿਣਗੇ।
- ਸਿਰਫ਼ ਈ-ਕੇਵਾਈਸੀ ਲੰਬਿਤ ਹੋਣ ਦੇ ਕਾਰਨ ਕਿਸੇ ਵੀ ਮਜ਼ਦੂਰ ਨੂੰ ਰੁਜ਼ਗਾਰ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।
- ਚਾਲੂ ਵਿੱਤੀ ਵਰ੍ਹੇ ਵਿੱਚ 1,51,282 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਨਵੇਂ ਕਾਨੂੰਨ ਵਿੱਚ ਰੁਜ਼ਗਾਰ 'ਤੇ ਖ਼ਰਚ ਹੋਵੇਗੀ, ਜਿਨ੍ਹਾਂ ਵਿੱਚ ਕੇਂਦਰੀ ਹਿੱਸੇ ਦੇ ਲਈ 2026-27 ਦੇ ਬਜਟ ਵਿੱਚ 95,692 ਕਰੋੜ ਰੁਪਏ ਦਾ ਪ੍ਰਾਵਧਾਨ ਰੱਖਿਆ ਗਿਆ ਹੈ। ਇਹ ਬਜਟ ਅਨੁਮਾਨ ਵਿੱਚ ਗ੍ਰਾਮੀਣ ਰੁਜ਼ਗਾਰ ਵਿੱਚ ਹੁਣ ਤੱਕ ਦੀ ਸਭ ਤੋਂ ਵਡੀ ਅਲਾਟਮੈਂਟ ਹੈ।
- ਜਲ ਸੁਰੱਖਿਆ ਅਤੇ ਜਲ ਨਾਲ ਸਬੰਧਿਤ ਕੰਮ ਕੀਤੇ ਜਾਣਗੇ ਜਿਸ ਵਿੱਚ ਸਿੰਚਾਈ, ਜਲ ਸਰੋਤਾਂ ਦੀ ਮੁੜ ਸੁਰਜੀਤੀ, ਪੌਦੇ ਲਗਾਉਣਾ, ਨਹਿਰਾਂ, ਹੜ੍ਹ ਕੰਟਰੋਲ, ਜ਼ਮੀਨਦੋਜ਼ ਡੈਮ ਨਿਰਮਾਣ, ਤਾਲਾਬ, ਖੂਹਾਂ ਦਾ ਨਿਰਮਾਣ, ਅਤੇ ਭਾਈਚਾਰਕ ਜਲ-ਥਲ ਵਾਲੀ ਜ਼ਮੀਨ ਦਾ ਸੁਧਾਰ ਸ਼ਾਮਲ ਹੈ।
- ਮੁੱਖ ਗ੍ਰਾਮੀਣ ਇਨਫ੍ਰਾਸਟ੍ਰਕਚਰ ਨਾਲ ਜੁੜੇ ਕੰਮ ਹੋਣਗੇ ਜਿਨ੍ਹਾਂ ਵਿੱਚ ਸਿੱਖਿਆ, ਸਿਹਤ, ਪੀਣ ਵਾਲਾ ਪਾਣੀ, ਸਵੱਛਤਾ, ਨਵਿਆਉਣਯੋਗ ਊਰਜਾ, ਭਾਈਚਾਰਕ ਸਹੂਲਤ ਨਾਲ ਜੁੜਿਆ ਇਨਫ੍ਰਾਸਟ੍ਰਕਚਰ ਸ਼ਾਮਲ ਹੈ।
- ਆਜੀਵਿਕਾ ਨਾਲ ਸਬੰਧਿਤ ਇਨਫ੍ਰਾਸਟ੍ਰਕਚਰ ਵਿੱਚ ਖੇਤੀਬਾੜੀ, ਪਸ਼ੂ ਧਨ, ਮੱਛੀ ਪਾਲਣ, ਸਕਿੱਲ, ਉਦਯੋਗ ਵਿਕਾਸ ਨਾਲ ਸਬੰਧਿਤ ਕੰਮ ਹੋਣਗੇ। ਗ੍ਰਾਮੀਣ ਹਾਟ, ਹਫ਼ਤਾਵਾਰੀ ਬਜ਼ਾਰ, ਖੁਰਾਕ ਅਤੇ ਖੇਤੀਬਾੜੀ ਭੰਡਾਰਣ, ਨਰਸਰੀ ਦੀ ਖੇਤੀ ਵਧਾਉਣਾ, ਭਵਨ ਨਿਰਮਾਣ ਸਮੱਗਰੀ ਦਾ ਉਤਪਾਦਨ ਸ਼ਾਮਲ ਹੈ।
- ਨਿਗਰਾਨੀ ਲਈ ਬਾਇਓਮੈਟ੍ਰਿਕ ਪ੍ਰਮਾਣਿਕਤਾ, ਜੀਓ-ਰੇਫਰੈਂਸਿੰਗ, ਸੈਟੇਲਾਈਟ ਮੈਪਿੰਗ ਅਤੇ ਕੰਮਾਂ ਦੀ ਡਿਜੀਟਲ ਮੈਪਿੰਗ ਕੀਤੀ ਜਾਵੇਗੀ। 'ਅਜਿਹਾ ਮੋਬਾਈਲ ਐਪ' ਜਿਸ ਵਿੱਚ ਡੈਸ਼ਬੋਰਡ ਅਧਾਰਿਤ ਮੌਨੀਟਰਿੰਗ ਸਿਸਟਮ ਹੋਵੇਗਾ ਅਤੇ ਰੀਅਲ ਟਾਈਮ 'ਤੇ ਮੰਗ, ਕੰਮ, ਮਜ਼ਦੂਰਾਂ ਨੂੰ ਕੰਮ 'ਤੇ ਲਗਾਉਣਾ ਅਤੇ ਪ੍ਰਗਤੀ ਸਭ ਕੁਝ ਦੇਖਿਆ ਜਾ ਸਕੇਗਾ।



ਨਿਰਣਾਇਕ ਬਦਲਾਅ ਦਾ ਅਧਾਰ ਬਣੇਗਾ। ਇਸ ਕਾਨੂੰਨ ਵਿੱਚ ਇੱਕ ਆਧੁਨਿਕ, ਜਵਾਬਦੇਹ ਅਤੇ ਇਨਫ੍ਰਾਸਟ੍ਰਕਚਰ-ਕੇਂਦ੍ਰਿਤ ਢਾਂਚੇ ਦੇ ਮਾਧਿਅਮ ਨਾਲ ਮਨਰੇਗਾ ਦੀਆਂ ਕਮੀਆਂ ਨੂੰ ਦੂਰ ਕੀਤਾ ਗਿਆ। ਵੀਬੀ-ਜੀ ਰਾਮ ਜੀ ਗ੍ਰਾਮੀਣ ਭਾਰਤ ਵਿੱਚ ਗਾਰੰਟੀਸ਼ੁਦਾ ਰੁਜ਼ਗਾਰ ਦਾ ਵਿਸਤਾਰ ਕਰੇਗਾ, ਰਾਸ਼ਟਰੀ ਵਿਕਾਸ ਦੀਆਂ ਤਰਜੀਹਾਂ ਅਤੇ ਕਾਰਜਾਂ ਦੇ ਦਰਮਿਆਨ ਤਾਲਮੇਲ ਬਿਠਾਏਗਾ ਕਿਉਂਕਿ ਇਸ ਵਿੱਚ ਮਜ਼ਬੂਤ ਡਿਜੀਟਲ ਸ਼ਾਸਨ ਦੀ ਵਿਵਸਥਾ ਜੋੜੀ ਗਈ ਹੈ। ਗ੍ਰਾਮੀਣ ਰੁਜ਼ਗਾਰ ਸਿਰਜਣ, ਗ੍ਰਾਮੀਣ ਵਿਕਾਸ ਅਤੇ ਪਿੰਡਾਂ ਵਿੱਚ ਆਤਮ-ਨਿਰਭਰਤਾ ਨੂੰ ਨਵੀਂ ਗਤੀ ਮਿਲੇਗੀ। ਗ੍ਰਾਮ ਪੰਚਾਇਤਾਂ ਨੂੰ ਗ੍ਰਾਮੀਣ ਪਰਿਵਰਤਨ ਦੇ ਕੇਂਦਰੀ ਥੰਮ੍ਹ ਦੇ ਰੂਪ ਵਿੱਚ ਸਥਾਪਿਤ ਕਰਦੇ ਹੋਏ ਇਹ ਕਾਨੂੰਨ ਸਸ਼ਕਤ, ਖੁਸ਼ਹਾਲ ਅਤੇ ਵਿਕਸਿਤ ਗ੍ਰਾਮੀਣ ਭਾਰਤ ਦੇ ਨਿਰਮਾਣ ਵਿੱਚ ਮਹੱਤਵਪੂਰਨ ਮੀਲ ਪੱਥਰ ਬਣੇਗਾ। ਇਹ ਨਵੀਂ ਗ੍ਰਾਮੀਣ ਰੁਜ਼ਗਾਰ ਗਰੰਟੀ ਵਿਕਸਿਤ ਭਾਰਤ 2047 ਦਾ ਸਾਰਥੀ ਬਣਨ ਵਿੱਚ ਵਿਕਸਿਤ ਗ੍ਰਾਮੀਣ ਭਾਰਤ ਦਾ ਸੁਪਨਾ ਵੀ ਸਾਕਾਰ ਕਰੇਗਾ। ▪



# ਕੁਸ਼ਲ ਭਾਰਤ ਵੱਲ ਮਜ਼ਬੂਤੀ ਨਾਲ ਵਧਦੇ ਕਦਮ

*ਹਰ ਦੇਸ਼ ਦੇ ਕੋਲ ਵੱਖਰੀ ਸਮਰੱਥਾ ਹੁੰਦੀ ਹੈ ਪਰ ਇਸ ਨੂੰ ਵਰਤੋਂ ਵਿੱਚ ਲਿਆਉਣ ਦੇ ਲਈ ਨੌਜਵਾਨ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ। ਨੌਜਵਾਨ ਸ਼ਕਤੀ ਜਿੰਨੀ ਸਸ਼ਕਤ ਹੁੰਦੀ ਹੈ, ਦੇਸ਼ ਓਨਾ ਹੀ ਵਿਕਾਸ ਕਰਦਾ ਹੈ। ਇਸ ਕੜੀ ਵਿੱਚ ਸਕਿੱਲ ਇੰਡੀਆ ਮਿਸ਼ਨ ਇੱਕ ਮਜ਼ਬੂਤ ਥੰਮ੍ਹ ਬਣਿਆ ਹੈ, ਜਿਸ ਨੇ ਜ਼ਮੀਨੀ ਪੱਧਰ 'ਤੇ ਨੌਜਵਾਨਾਂ ਨੂੰ ਬਹੁਤ ਤਾਕਤ ਦਿੱਤੀ ਹੈ। 15 ਜੁਲਾਈ 2015 ਨੂੰ ਸ਼ੁਰੂ ਹੋਇਆ ਇਹ ਮਿਸ਼ਨ ਇੱਕ ਅਜਿਹੀ ਪਰਿਵਰਤਨਕਾਰੀ ਪਹਿਲ ਬਣ ਕੇ ਉੱਭਰਿਆ ਹੈ ਜਿਸ ਨੇ ਬੀਤੇ 11 ਵਰ੍ਹਿਆਂ ਵਿੱਚ ਦੇਸ਼ ਭਰ ਦੇ ਲੱਖਾਂ ਲੋਕਾਂ ਨੂੰ ਬਣਾਇਆ ਹੈ ਕੁਸ਼ਲ ਅਤੇ ਸਸ਼ਕਤ...*

ਤ੍ਰਿਪੁਰਾ ਦੇ ਦੂਰ-ਦੁਰਾਡੇ ਪਿੰਡ ਦੀ ਰਹਿਣ ਵਾਲੀ ਕਬਾਇਲੀ ਨਿਤਯਾ ਦੇਵੀ ਨਿਹੋਤੀਆ ਨੇ ਸਕਿੱਲ ਇੰਡੀਆ ਮਿਸ਼ਨ ਰਾਹੀਂ ਰਬੜ ਦੇ ਬਾਗ਼ਾਂ ਦੇ ਕੰਮ ਵਿੱਚ ਟ੍ਰੇਨਿੰਗ ਲਈ ਅਤੇ ਇੱਕ ਨਰਸਰੀ ਦੀ ਸ਼ੁਰੂਆਤ ਕੀਤੀ। ਇਸ ਨਰਸਰੀ ਦੇ ਜ਼ਰੀਏ ਹੁਣ ਨਿਹੋਤੀਆ ਨੂੰ 4,000 ਰੁਪਏ ਪ੍ਰਤੀ ਮਹੀਨੇ ਦਾ ਮੁਨਾਫ਼ਾ ਹੁੰਦਾ ਹੈ। ਇਸ ਯੋਜਨਾ ਦੀ ਲਾਭਾਰਥੀ ਨਿਹੋਤੀਆ ਕਹਿੰਦੇ ਹਨ ਕਿ ਜੇਕਰ ਸਹੀ ਸਮੇਂ 'ਤੇ ਸਹੀ ਜਾਣਕਾਰੀ ਮਿਲ ਜਾਵੇ ਤਾਂ ਕਈ ਸਮੱਸਿਆਵਾਂ ਦਾ ਹੱਲ ਹੋ ਜਾਂਦਾ ਹੈ। ਅਜਿਹੀ ਹੀ ਇੱਕ ਹੋਰ ਕਹਾਣੀ ਦੋ ਭੈਣਾਂ ਪੂਨਮ ਅਤੇ ਕੋਮਲ ਦੀ ਹੈ। ਇਨ੍ਹਾਂ ਦੀ ਵੀ ਆਰਥਿਕ ਸਥਿਤੀ ਇੰਨੀ ਖ਼ਰਾਬ ਸੀ ਕਿ ਇਹ ਲੋਕ ਆਪਣੀ ਪੜ੍ਹਾਈ ਵੀ ਜਾਰੀ ਨਹੀਂ ਰੱਖ ਪਾ ਰਹੇ ਸਨ। ਅਜਿਹੇ ਵਿੱਚ ਇਨ੍ਹਾਂ ਦੇ ਲਈ ਸਕਿੱਲ ਇੰਡੀਆ ਇੱਕ ਉਮੀਦ ਦੀ ਕਿਰਨ ਬਣ ਕੇ ਆਇਆ। ਦੋਵਾਂ ਭੈਣਾਂ ਨੇ ਕੌਸ਼ਲ ਟ੍ਰੇਨਿੰਗ ਲਈ। ਹੁਣ ਦੋਵੇਂ ਭੈਣਾਂ ਇੱਕ ਕੱਪੜਾ ਕੰਪਨੀ ਦੀਆਂ ਕਰਮਚਾਰੀਆਂ ਵਜੋਂ ਕੰਮ ਕਰ ਰਹੀਆਂ ਹਨ। ਹੁਣ ਉਹ ਨਾ ਸਿਰਫ਼ ਆਪਣੇ ਪਰਿਵਾਰਾਂ ਦਾ ਸਹਿਯੋਗ ਕਰਦੀਆਂ ਹਨ, ਸਗੋਂ ਉਨ੍ਹਾਂ ਮਹਿਲਾਵਾਂ ਦੇ ਲਈ ਇੱਕ ਆਦਰਸ਼ ਮਾਡਲ ਬਣ ਗਈਆਂ ਹਨ ਜੋ ਆਪਣੇ ਹੁਨਰ ਦੇ ਮਾਧਿਅਮ ਨਾਲ ਆਰਥਿਕ ਤੌਰ 'ਤੇ ਸੁਤੰਤਰ ਹੋਣਾ ਚਾਹੁੰਦੀਆਂ ਹਨ। ਅੱਜ ਨਿਤਯਾ ਦੇਵੀ, ਪੂਨਮ ਅਤੇ ਕੋਮਲ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਹਨ ਜਿਨ੍ਹਾਂ ਨੇ ਸਕਿੱਲ ਇੰਡੀਆ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੇ ਤਹਿਤ ਆਪਣੀ ਟ੍ਰੇਨਿੰਗ ਪੂਰੀ ਕੀਤੀ ਅਤੇ ਆਪਣੇ ਸੁਪਨਿਆਂ ਨੂੰ ਨਵੀਂ ਉਡਾਣ ਦੇ ਰਹੀਆਂ ਹਨ।

15 ਜੁਲਾਈ 2015 ਨੂੰ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਨੇ ਕੌਸ਼ਲ ਭਾਰਤ ਮਿਸ਼ਨ ਦੀ ਸ਼ੁਰੂਆਤ ਕੀਤੀ। ਇਸ ਮਿਸ਼ਨ ਦੇ ਤਹਿਤ, ਭਾਰਤੀ ਨੌਜਵਾਨਾਂ ਨੂੰ ਆਪਣੇ ਪੇਸ਼ੇਵਰ ਹੁਨਰ ਨੂੰ ਹੋਰ ਬਿਹਤਰ ਤਰੀਕੇ ਨਾਲ ਪਾਲਿਸ਼ ਕਰਨ ਦਾ ਸਭ ਤੋਂ ਵਧੀਆ ਮੰਚ ਮਿਲਿਆ। ਮਿਸ਼ਨ ਦਾ ਉਦੇਸ਼ ਪੂਰੇ ਭਾਰਤ ਵਿੱਚ ਪੇਸ਼ੇਵਰ ਸਿਖਲਾਈ ਦੇਣਾ, ਨੌਜਵਾਨਾਂ ਨੂੰ ਚੰਗੀ ਤਰ੍ਹਾਂ ਹੁਨਰਮੰਦ ਬਣਾਉਣਾ ਹੈ। ਭਾਰਤ ਸਰਕਾਰ ਦਾ ਇਹ ਕਦਮ ਮੀਲ ਪੱਥਰ ਸਾਬਤ ਹੋਇਆ ਅਤੇ ਇਸ ਯੋਜਨਾ ਨੇ



ਨਿਤਯਾ ਦੇਵੀ ਨਿਹੋਤੀਆ



ਪੂਨਮ ਅਤੇ ਕੋਮਲ

ਉਦਯੋਗ-ਸੰਬੰਧਿਤ ਹੁਨਰ ਸਿਖਲਾਈ ਦੇ ਨਾਲ ਲੱਖਾਂ ਭਾਰਤੀ ਨੌਜਵਾਨਾਂ ਨੂੰ ਜੋੜਨ ਅਤੇ ਉਨ੍ਹਾਂ ਨੂੰ ਸਸ਼ਕਤ ਬਣਾਉਣ ਵਿੱਚ ਮਦਦ ਕੀਤੀ। ਨਾਲ ਹੀ ਉਨ੍ਹਾਂ ਦੇ ਲਈ ਇਸ ਟ੍ਰੇਨਿੰਗ ਨੇ ਬਿਹਤਰ ਆਜੀਵਿਕਾ ਦੇ ਲਈ ਦਰਵਾਜ਼ੇ ਖੋਲ੍ਹ ਦਿੱਤੇ। ਇਸ ਯੋਜਨਾ ਦੇ ਸੰਭਾਵਿਤ ਵਿਕਾਸ ਕੋਰਸਾਂ ਨੇ ਮਹਿਲਾਵਾਂ ਦੇ ਲਈ ਵੀ ਅਦਭੁਤ ਕੰਮ

## ਮਿਸ਼ਨ ਦੇ ਤਹਿਤ ਹੇਠ ਲਿਖੀਆਂ ਯੋਜਨਾਵਾਂ ਸ਼ਾਮਲ ਹਨ

- ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀਐੱਮਕੇਵੀਵਾਈ)
- ਜਨ ਸ਼ਿਕਸ਼ਣ ਸੰਸਥਾਨ (ਜੇਐੱਸਐੱਸ)
- ਰਾਸ਼ਟਰੀ ਸਿਖਿਆਰਥੀ ਪ੍ਰਮੋਸ਼ਨ ਯੋਜਨਾ (ਐੱਨਏਪੀਐੱਸ)
- ਉਦਯੋਗਿਕ ਟ੍ਰੇਨਿੰਗ ਸੰਸਥਾਨਾਂ (ਆਈਟੀਆਈ) ਵਿੱਚ ਸ਼ਿਲਪਕਾਰ ਟ੍ਰੇਨਿੰਗ ਸਕੀਮ (ਸੀਟੀਐੱਸ)

## ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ

**1.64** ਕਰੋੜ ਉਮੀਦਵਾਰਾਂ ਨੂੰ ਪੀਐੱਮਕੇਵੀਵਾਈ ਦੇ ਤਹਿਤ, ਮਾਰਚ 2026 ਤੱਕ 35 ਤੋਂ ਵੱਧ ਖੇਤਰਾਂ ਵਿੱਚ ਦਿੱਤੀ ਗਈ ਟ੍ਰੇਨਿੰਗ

- ਨਿਰਮਾਣ, ਦੂਰਸੰਚਾਰ, ਸਿਹਤ ਸੇਵਾ ਖੇਤਰਾਂ ਅਤੇ ਕਰੀਅਰ ਅਤੇ ਸਿੱਖਿਆ ਸਲਾਹਕਾਰ ਅਹੁਦਿਆਂ ਦੇ ਲਈ 3.15 ਲੱਖ ਤੋਂ ਵੱਧ ਉਮੀਦਵਾਰਾਂ ਨੂੰ ਦਿੱਤੀ ਗਈ ਟ੍ਰੇਨਿੰਗ
- ਹੁਣ ਪੀਐੱਮਕੇਵੀਵਾਈ 4.0 ਦੇ ਤਹਿਤ ਟ੍ਰੇਨਿੰਗ ਪ੍ਰੋਗਰਾਮ ਚਲਾਏ ਜਾ ਰਹੇ ਹਨ।
- ਪੀਐੱਮਕੇਵੀਵਾਈ 4.0 ਨੇ 31 ਮਾਰਚ 2026 ਤੱਕ 36 ਰਾਜਾਂ ਅਤੇ 737 ਜ਼ਿਲ੍ਹਿਆਂ ਨੂੰ ਕਵਰ ਕਰਦੇ ਹੋਏ 38 ਖੇਤਰਾਂ ਵਿੱਚ 27.24 ਲੱਖ ਉਮੀਦਵਾਰਾਂ ਨੂੰ ਟ੍ਰੇਨਿੰਗ ਦਿੱਤੀ।

## ਜਨ ਸ਼ਿਕਸ਼ਣ ਸੰਸਥਾਨ (ਜੇਐੱਸਐੱਸ)

- ਵਰਤਮਾਨ ਵਿੱਚ, 294 ਜਨ ਸ਼ਿਕਸ਼ਣ ਸੰਸਥਾਨ (ਜੇਐੱਸਐੱਸ) ਕੰਮ ਕਰ ਰਹੇ ਹਨ।

**36,48,69** ਲਾਭਾਰਥੀਆਂ ਨੂੰ 2018 ਤੋਂ 31 ਮਾਰਚ 2026 ਤੱਕ ਟ੍ਰੇਨਿੰਗ ਦਿੱਤੀ ਗਈ।

- ਕੋਰਸ ਸਥਾਨਕ ਮੰਗ ਦੇ ਅਨੁਸਾਰ ਹਨ ਜਿਨ੍ਹਾਂ ਵਿੱਚ ਸਿਲਾਈ, ਕਢਾਈ, ਦਸਤਕਾਰੀ, ਫੂਡ ਪ੍ਰੋਸੈੱਸਿੰਗ ਅਤੇ ਸਿਹਤ ਸਬੰਧੀ ਸੇਵਾਵਾਂ ਸ਼ਾਮਲ ਹਨ।
- 31 ਮਾਰਚ 2026 ਤੱਕ 26,720 ਜਨਜਾਤੀਯ ਲਾਭਾਰਥੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ ਅਤੇ 26,519 ਨੂੰ ਟ੍ਰੇਨਿੰਗ ਦਿੱਤੀ ਗਈ ਹੈ।

> ***"ਸਕਿੱਲ ਇੰਡੀਆ ਸਾਡੇ ਨੌਜਵਾਨਾਂ ਨੂੰ ਕੁਸ਼ਲ ਅਤੇ ਆਤਮ-ਨਿਰਭਰ ਬਣਾਉਣ ਦੇ ਸੰਕਲਪ ਨੂੰ ਮਜ਼ਬੂਤ ਕਰ ਰਿਹਾ ਹੈ।***
>
> ***– ਨਰੇਂਦਰ ਮੋਦੀ, ਪ੍ਰਧਾਨ ਮੰਤਰੀ***



## ਰਾਸ਼ਟਰੀ ਸਿਖਿਆਰਥੀ ਪ੍ਰਮੋਸ਼ਨ ਯੋਜਨਾ (ਐੱਨਏਪੀਐੱਸ)

- ਅਗਸਤ 2016 ਵਿੱਚ ਸ਼ੁਰੂ ਕੀਤੀ ਗਈ ਇਹ ਯੋਜਨਾ ਵਰਤਮਾਨ ਵਿੱਚ ਆਪਣੇ ਦੂਜੇ ਪੜਾਅ, ਐੱਨਏਪੀਐੱਸ 2.0 ਵਿੱਚ ਲਾਗੂ ਕੀਤੀ ਜਾ ਰਹੀ ਹੈ।
- ਸਰਕਾਰ ਐੱਨਏਪੀਐੱਸ ਪੋਰਟਲ ਦੇ ਮਾਧਿਅਮ ਨਾਲ ਸਿੱਧੇ ਸਿਖਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ 25 ਪ੍ਰਤੀਸ਼ਤ ਵਜ਼ੀਫ਼ਾ (1,500 ਰੁਪਏ ਪ੍ਰਤੀ ਮਹੀਨਾ ਤੱਕ) ਦਾ ਯੋਗਦਾਨ ਦਿੰਦੀ ਹੈ।
- 2016 ਤੋਂ 31 ਮਾਰਚ, 2026 ਤੱਕ ਆਟੋਮੋਟਿਵ, ਆਈਟੀ-ਆਈਟੀਈਐੱਸ ਇਲੈਕਟ੍ਰੌਨਿਕਸ, ਰਿਟੇਲ ਅਤੇ ਮੈਨੂਫੈਕਚਰਿੰਗ ਵਰਗੇ ਖੇਤਰਾਂ ਵਿੱਚ 54.41 ਲੱਖ ਤੋਂ ਵੱਧ ਸਿਖਿਆਰਥੀ ਲੱਗੇ ਹੋਏ ਹਨ।
- ਵਿੱਤੀ ਵਰ੍ਹੇ 2025-26 ਵਿੱਚ, ਲਗਭਗ 12.35 ਲੱਖ ਸਿਖਿਆਰਥੀਆਂ ਨੂੰ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਲਗਭਗ 6.42 ਲੱਖ ਸਿਖਿਆਰਥੀਆਂ ਨੇ ਵਿੱਤੀ ਵਰ੍ਹੇ 2025-26 ਵਿੱਚ ਆਪਣੀ ਔਨ-ਦ-ਜੌਬ ਟ੍ਰੇਨਿੰਗ ਪੂਰੀ ਕੀਤੀ।

## ਸ਼ਿਲਪਕਾਰ ਟ੍ਰੇਨਿੰਗ ਯੋਜਨਾ (ਸੀਟੀਐੱਸ)

- ਸੀਟੀਐੱਸ ਦੇ ਤਹਿਤ, ਦੇਸ਼ ਭਰ ਵਿੱਚ 14,688 ਆਈਟੀਆਈ (ITI) (ਸਰਕਾਰੀ - 3,345 ਅਤੇ ਨਿੱਜੀ - 11,343) ਦੇ ਮਾਧਿਅਮ ਨਾਲ 169 ਕੋਰਸਾਂ ਵਿੱਚ ਟ੍ਰੇਨਿੰਗ ਦਿੱਤੀ ਜਾਂਦੀ ਹੈ।
- ਮਾਰਚ 2026 ਤੱਕ, ਕੁੱਲ 14 ਸੀਟੀਐੱਸ ਕੋਰਸ ਵਿਕਸਿਤ ਕੀਤੇ ਗਏ ਹਨ ਅਤੇ ਤਿੰਨ ਵਰ੍ਹਿਆਂ ਦੀ ਮਿਆਦ ਵਿੱਚ 22 ਮੌਜੂਦਾ ਕੋਰਸਾਂ ਵਿੱਚ ਸੋਧ ਕੀਤੀ ਗਈ ਹੈ।
- ਆਈਟੀਆਈ ਵਿੱਚ ਨਾਮਜ਼ਦਗੀ ਵਿੱਤੀ ਵਰ੍ਹੇ 2022-23 ਵਿੱਚ 12.51 ਲੱਖ ਤੋਂ ਵਧ ਕੇ ਵਿੱਤੀ ਵਰ੍ਹੇ 2025-26 ਵਿੱਚ 14.70 ਲੱਖ ਹੋ ਗਈ ਹੈ।

ਕੀਤਾ। ਮਹਿਲਾਵਾਂ ਨੂੰ ਰੋਜ਼ੀ-ਰੋਟੀ ਕਮਾਉਣ ਦੇ ਲਈ ਇਸ ਯੋਜਨਾ ਵਿੱਚ ਟ੍ਰੇਨਿੰਗ ਦਿੱਤੀ ਗਈ। ਇੱਕ ਛੋਟੀ ਜਿਹੀ ਟ੍ਰੇਨਿੰਗ ਨੇ ਇਨ੍ਹਾਂ ਮਹਿਲਾਵਾਂ ਦੀ ਜ਼ਿੰਦਗੀ ਨੂੰ ਬਦਲ ਦਿੱਤਾ, ਜਾਂ ਇੰਝ ਕਹਿ ਲਵੋ ਕਿ ਹੁਣ ਇਹ ਸਾਧਾਰਣ ਮਹਿਲਾਵਾਂ ਖੁਦ ਹੀਰੋ ਬਣ ਚੁੱਕੀਆਂ ਹਨ, ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਡਿਜੀਟਲ ਇੰਡੀਆ ਪ੍ਰੋਗਰਾਮ ਦੇ 11 ਵਰ੍ਹੇ

# ਤਕਨੀਕ ਦੁਆਰਾ ਪਰਿਵਰਤਨ ਦਾ ਨਵਾਂ ਯੁੱਗ



*ਅੱਜ ਹਰ ਨਾਗਰਿਕ ਦੇ ਜੀਵਨ ਦਾ ਅਨਿੱਖੜਵਾਂ ਅੰਗ ਤਕਨਾਲੋਜੀ ਹੈ। ਸਮਾਜਿਕ ਸਸ਼ਕਤੀਕਰਣ, ਸਿੱਖਿਆ, ਕੌਸ਼ਲ ਵਿਕਾਸ, ਖੇਤੀਬਾੜੀ, ਸਿਹਤ ਹੋਵੇ ਜਾਂ ਟ੍ਰਾਂਸਪੋਰਟੇਸ਼ਨ ਅਤੇ ਲੌਜਿਸਟਿਕਸ ਹਰ ਪੱਧਰ 'ਤੇ ਦੇਸ਼ ਵਿੱਚ ਪਿਛਲੇ ਇੱਕ ਦਹਾਕੇ ਵਿੱਚ ਡਿਜੀਟਾਈਜੇਸ਼ਨ ਵਧਿਆ ਹੈ। ਇਨ੍ਹਾਂ ਸਾਰਿਆਂ ਦੇ ਪਿੱਛੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਤਕਨਾਲੋਜੀ ਦੇ ਲੋਕਤੰਤਰੀਕਰਣ ਅਤੇ ਨਾਗਰਿਕਾਂ ਨੂੰ ਮਜ਼ਬੂਤ ਬਣਾਉਣ ਦੀ ਸੋਚ ਹੈ। ਇਸੇ ਸੋਚ ਦੇ ਨਾਲ 1 ਜੁਲਾਈ 2015 ਨੂੰ ਸ਼ੁਰੂ ਡਿਜੀਟਲ ਇੰਡੀਆ ਪ੍ਰੋਗਰਾਮ ਦੁਆਰਾ ਨਾਗਰਿਕਾਂ ਦੇ ਜੀਵਨ ਵਿੱਚ ਸਰਲਤਾ ਵਧੀ ਹੈ ਤਾਂ ਡਿਜੀਟਲ ਅਰਥਵਿਵਸਥਾ ਦਾ ਵੀ ਤੇਜ਼ੀ ਨਾਲ ਵਿਸਤਾਰ ਹੋ ਰਿਹਾ ਹੈ। ਡਿਜੀਟਲ ਇੰਡੀਆ ਪ੍ਰੋਗਰਾਮ ਦੀ 11ਵੀਂ ਵਰ੍ਹੇਗੰਢ 'ਤੇ ਕਰਦੇ ਹਾਂ ਇਸ ਦੀ ਪ੍ਰਗਤੀ ਬਾਰੇ ਚਰਚਾ....*

ਭਾਰਤ ਵਿੱਚ ਡਿਜੀਟਲ ਸਮਾਵੇਸ਼ ਸਿਰਫ਼ ਉਪਕਰਣ ਹੈ ਅਤੇ ਡੇਟਾ ਤੱਕ ਸੀਮਤ ਨਹੀਂ ਹੈ, ਇਹ ਸਮਰੱਥਾਵਾਂ ਦਾ ਵਿਕਾਸ ਕਰਨ, ਮੌਕੇ ਪੈਦਾ ਕਰਨ ਅਤੇ ਹਰ ਪਿੰਡ ਅਤੇ ਸ਼ਹਿਰ ਤੱਕ ਵਿਕਾਸ ਪਹੁੰਚਾਉਣ ਦਾ ਪੁਲ ਬਣ ਗਿਆ ਹੈ। ਡਿਜੀਟਲ ਇੰਡੀਆ ਪ੍ਰੋਗਰਾਮ ਸ਼ੁਰੂ ਹੋਣ ਦੇ ਬਾਅਦ ਤੋਂ ਦੇਸ਼ ਵਿੱਚ ਕਨੈਕਟੀਵਿਟੀ ਨੂੰ ਕੌਸ਼ਲ ਵਿਕਾਸ, ਪਲੈਟਫਾਰਮ ਅਤੇ ਸਟਾਰਟਅੱਪ ਦੇ ਨਾਲ ਜੋੜ ਕੇ, ਭਾਰਤ ਵਿੱਚ ਸਮਾਵੇਸ਼ੀ ਡਿਜੀਟਲ ਈਕੋਸਿਸਟਮ ਤਿਆਰ ਕੀਤਾ ਹੈ। ਡਿਜੀਟਲ ਇੰਡੀਆ ਨੇ ਡਿਜੀਟਲ ਸ਼ਾਸਨ ਨੂੰ ਮਜ਼ਬੂਤੀ ਦਿੱਤੀ ਹੈ ਜਿਸ ਨਾਲ ਨਾ ਸਿਰਫ਼ ਜੀਵਨ ਵਿੱਚ ਪਹੁੰਚਯੋਗਤਾ ਵਧੀ ਹੈ ਸਗੋਂ ਵਪਾਰ ਕਰਨਾ ਵੀ ਅਸਾਨ ਹੋਇਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਨੂੰ ਡਿਜੀਟਲ ਤੌਰ 'ਤੇ ਸਸ਼ਕਤ ਸਮਾਜ ਅਤੇ ਗਿਆਨ ਅਰਥਵਿਵਸਥਾ ਵਿੱਚ ਤਬਦੀਲ ਕਰਨ ਦੀ ਕਲਪਨਾ ਦੇ ਨਾਲ ਡਿਜੀਟਲ ਇੰਡੀਆ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ। ਡਿਜੀਟਲ ਇੰਡੀਆ ਪ੍ਰੋਗਰਾਮ ਨੇ ਕਈ ਪੜਾਅ ਪਾਰ ਕੀਤੇ ਹਨ। ਕਈ ਮਹੱਤਵਪੂਰਨ ਉਪਲਬਧੀਆਂ ਦਰਜ ਕੀਤੀਆਂ ਹਨ ਤਾਂ ਹੁਣ ਅਰਥਵਿਵਸਥਾ ਦੇ ਡਿਜੀਟਾਈਜੇਸ਼ਨ ਦੇ ਮਾਮਲੇ ਵਿੱਚ ਭਾਰਤ ਤੀਜੇ ਸਥਾਨ 'ਤੇ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਭਾਰਤ ਦਾ ਮਜ਼ਬੂਤ ਡਿਜੀਟਲ ਇਨਫ੍ਰਾਸਟ੍ਰਕਚਰ ਹੈ।

ਦੇਸ਼ ਹੀ ਨਹੀਂ ਦੁਨੀਆ ਨੇ ਵੀ ਜਨ ਧਨ- ਆਧਾਰ -ਮੋਬਾਈਲ ਦੀ ਤ੍ਰਿਸ਼ਕਤੀ ਨੂੰ ਦੇਖਿਆ ਹੈ। ਬੈਂਕਿੰਗ ਸਿਸਟਮ ਨੂੰ ਨਵੇਂ ਪੱਧਰ 'ਤੇ ਪਹੁੰਚਾਇਆ ਹੈ ਤਾਂ ਡਿਜੀਟਲ ਇੰਡੀਆ ਦੀ ਇਸ ਤਾਕਤ ਨੇ 4 ਲੱਖ ਕਰੋੜ ਰੁਪਏ ਤੋਂ ਵੱਧ ਦੇ ਸਰਕਾਰੀ ਖਜਾਨੇ ਦੀ ਲੀਕੇਜ਼ ਨੂੰ ਰੋਕਣ ਦਾ ਕੰਮ ਕੀਤਾ ਹੈ। ਇਸੇ ਤਰ੍ਹਾਂ ਭਾਰਤ ਦੇ ਯੂਨੀਫਾਈਡ ਪੇਮੈਂਟ ਇੰਟਰਫੇਸ ਯਾਨੀ ਯੂਪੀਆਈ ਦੀ ਦੁਨੀਆ ਦੇ ਰੀਅਲ ਟਾਈਮ ਪੇਮੈਂਟ ਵਿੱਚ 49% ਦੀ ਭਾਗੀਦਾਰੀ ਹੋ ਚੁੱਕੀ ਹੈ। ਨੌਂ ਦੇਸ਼ ਭਾਰਤ ਦੇ ਇਸ ਸਿਸਟਮ ਨੂੰ ਅਪਣਾ ਰਹੇ ਹਨ। ਕੌਮਨ ਸਰਵਿਸ ਸੈਂਟਰ ਹੋਣ ਜਾਂ ਫਿਰ ਡਿਜੀਟਲ ਸੇਵਾਵਾਂ ਦੀ ਵਧਦੀ ਮੰਗ, ਇਸ ਨੇ ਰੁਜ਼ਗਾਰ ਅਤੇ ਨਿਵੇਸ਼ ਦੇ ਨਵੇਂ ਮੌਕੇ ਵੀ ਪੈਦਾ ਕੀਤੇ ਹਨ। ਭਾਰਤ ਦੀ ਡਿਜੀਟਲ ਅਰਥਵਿਵਸਥਾ ਦਾ ਲਗਾਤਾਰ ਵਿਸਥਾਰ ਹੋ ਰਿਹਾ ਹੈ। ਅਜਿਹਾ ਅਨੁਮਾਨ ਹੈ ਕਿ ਭਾਰਤ ਦੀ ਡਿਜੀਟਲ ਅਰਥਵਿਵਸਥਾ 2029-30 ਤੱਕ ਰਾਸ਼ਟਰੀ ਆਮਦਨ ਵਿੱਚ ਪੰਜਵੇਂ ਹਿੱਸੇ ਦੇ ਬਰਾਬਰ ਯੋਗਦਾਨ ਕਰੇਗੀ।

"

***ਭਾਰਤ ਦਾ ਡਿਜੀਟਲ ਪਬਲਿਕ ਇਨਫ੍ਰਾਕਸਟ੍ਰਕਚਰ, ਅੱਜ ਪੂਰੇ ਵਿਸ਼ਵ ਦੇ ਲਈ ਚਰਚਾ ਦਾ ਵਿਸ਼ਾ ਬਣ ਚੁੱਕਿਆ ਹੈ। ਅਸੀਂ ਨੈਕਸਟ ਜੈਨਰੇਸ਼ਨ ਡਿਜੀਟਲ ਇਨਫ੍ਰਾਸਟ੍ਰਕਚਰ ਦੇ ਵੱਲ ਵਧ ਰਹੇ ਹਾਂ। ਯੂਪੀਆਈ ਨੇ ਡਿਜੀਟਲ ਪੇਮੈਂਟਸ ਨੂੰ ਨੈਕਸਟ ਫੇਜ ਵਿੱਚ ਪਹੁੰਚਾ ਦਿੱਤਾ ਹੈ। ਅੱਜ ਭਾਰਤ ਦੁਨੀਆ ਵਿੱਚ ਸਭ ਤੋਂ ਤੇਜ਼ ਰੀਅਲ ਟਾਈਮ ਡਿਜੀਟਲ ਪੇਮੈਂਟਸ ਕਰਨ ਵਾਲਾ ਦੇਸ਼ ਬਣਿਆ ਹੈ।***

***-ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

# ਇਸ ਤਰ੍ਹਾਂ ਜੀਵਨ ਸਰਲ ਬਣਾ ਰਿਹਾ ਹੈ ਡਿਜੀਟਲ ਇੰਡੀਆ

## ਸਮਾਜਿਕ ਸਸ਼ਕਤੀਕਰਣ

**11+ ਕਰੋੜ** ਉਮੰਗ ਐਪ 'ਤੇ ਰਜਿਸਟ੍ਰੇਸ਼ਨ ਹਨ, ਜਿੱਥੋਂ ਨਾਗਰਿਕ ਲਗਭਗ 2,400 ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਲੈ ਸਕਦੇ ਹਨ।




- 6+ ਕਰੋੜ ਉਪਭੋਗਤਾ ਹਨ MyGov ਵੈੱਬਸਾਈਟ 'ਤੇ।
- 2+ ਕਰੋੜ ਯੁਵਾ ਅਤੇ ਸੰਗਠਨ MyBharat ਪੋਰਟਲ ਨਾਲ ਜੁੜੇ ਹਨ, 783 ਜ਼ਿਲ੍ਹਿਆਂ ਵਿੱਚ ਮਾਈਭਾਰਤ ਕੇਂਦਰ ਸਥਾਪਿਤ ਹੋਣਗੇ।
- 7.22 ਲੱਖ ਕਿਲੋਮੀਟਰ ਓਪਟੀਕਲ ਫਾਈਵਰ ਕੇਬਲ ਵਿਛਾਈ ਜਾ ਚੁੱਕੀ ਹੈ। ਭਾਰਤ ਨੈੱਟ ਯੋਜਨਾ ਵਿੱਚ, ਦੇਸ਼ ਭਰ ਵਿੱਚ ਇੰਟਰਨੈੱਟ ਕਨੈਕਟੀਵਿਟੀ ਮਜ਼ਬੂਤ ਹੋਈ ਹੈ।
- 2+ ਲੱਖ ਗ੍ਰਾਮ ਪੰਚਾਇਤਾਂ ਨੂੰ ਭਾਰਤ ਨੈੱਟ ਪ੍ਰੋਗਰਾਮ ਦੇ ਤਹਿਤ ਓਪਟੀਕਲ ਫਾਈਬਰ ਨਾਲ ਜੋੜਿਆ ਗਿਆ।

## ਡਿਜੀਟਲ ਇਨਫ੍ਰਾਸਟ੍ਰਕਚਰ

**70+ ਕਰੋੜ** ਡਿਜੀਲੌਕਰ ਉਪਭੋਗਤਾ ਹਨ ਜਿਸ ਵਿੱਚ 950 ਕਰੋੜ ਡਿਜੀਟਲ ਦਸਤਾਵੇਜ਼ ਹਨ।




- 74.4 ਕਰੋੜ ਤੋਂ ਵੱਧ ਉਪਯੋਗਕਰਤਾ ਹਨ ਮੇਰੀ ਪਛਾਣ ਵੈੱਬਸਾਈਟ 'ਤੇ, ਜਿੱਥੋਂ 16 ਹਜ਼ਾਰ ਤੋਂ ਵੱਧ ਸੇਵਾਵਾਂ ਜੁੜੀਆਂ ਹਨ, ਸਿੰਗਲ ਸਾਈਨ ਇਨ ਨਾਲ ਅਨੇਕ ਸਰਕਾਰੀ ਸੇਵਾਵਾਂ ਇੱਥੋਂ ਲਈਆਂ ਜਾ ਸਕਦੀਆਂ ਹਨ।
- 5+ ਲੱਖ ਕੌਮਨ ਸਰਵਿਸ ਸੈਂਟਰ ਦੇਸ਼ ਭਰ ਵਿੱਚ ਕੰਮ ਕਰ ਰਹੇ ਹਨ, ਜਿੱਥੇ ਸਹਾਇਕ ਡਿਜੀਟਲ ਮੋਡ ਵਿੱਚ 800 ਤੋਂ ਵੱਧ ਸੇਵਾਵਾਂ ਉਪਲਬਧ ਹਨ।
- 90% ਤੋਂ ਵੱਧ ਫਾਈਲਾਂ ਈ-ਆਫਿਸ ਵਿੱਚ ਆ ਚੁੱਕੀਆਂ ਹਨ, ਸਰਕਾਰੀ ਡਿਪਾਰਟਮੈਂਟ ਵਿੱਚ ਪੇਪਰਲੈੱਸ ਵਰਕ ਨੂੰ ਮੁਮਕਿਨ ਬਣਾਇਆ ਹੈ।

## ਵਿੱਤੀ ਸਮਾਵੇਸ਼ ਯਾਨੀ ਫਾਈਨੈਂਸ਼ੀਅਲ ਇੰਕਲੂਜਨ




**188+ ਕਰੋੜ** ਈ-ਵੇਅ ਬੀਲ 2025- 26 ਵਿੱਚ ਜੈਨਰੇਟ ਹੋਏ, ਆਵਾਜਾਈ ਦੇ ਲਈ ਕਈ ਰਾਜ-ਪੱਧਰੀ ਪਰਮਿਟ ਦੇ ਸਥਾਨ 'ਤੇ ਇੱਕ ਏਕੀਕ੍ਰਿਤ ਇਲੈਕਟ੍ਰੌਨਿਕ ਦਸਤਾਵੇਜ਼ ਹੈ।

- 10+ ਕਰੋੜ ਤੋਂ ਵੱਧ ਵਾਰ ਡਿਜੀਟਲ ਯਾਤਰਾ ਦੀ ਵਰਤੋਂ ਦੇਸ਼ ਦੇ 38 ਹਵਾਈ ਅੱਡਿਆਂ 'ਤੇ ਕੀਤੀ ਜਾ ਚੁੱਕੀ ਹੈ।
- 51+ ਲੱਖ ਕਰੋੜ ਰੁਪਏ ਜਨ ਧਨ- ਆਧਾਰ- ਮੋਬਾਈਲ ਦੀ ਤ੍ਰਿਸ਼ਕਤੀ ਨਾਲ ਡੀਬੀਟੀ ਯਾਨੀ ਡਾਇਰੈਕਟ ਬੈਨੀਫਿਟ ਟ੍ਰਾਂਸਫਰ ਕੀਤੇ ਜਾ ਚੁੱਕੇ ਹਨ।
- 58+ ਕਰੋੜ ਜਨ ਧਨ ਖਾਤੇ ਬਣੇ।
- 144+ ਕਰੋੜ ਤੋਂ ਵੱਧ ਆਧਾਰ ਨੰਬਰ ਜਾਰੀ, ਜੋ ਦੁਨੀਆ ਦੀ ਸਭ ਤੋਂ ਵੱਡੀ ਡਿਜੀਟਲ ਪਛਾਣ ਪ੍ਰਣਾਲੀ ਹੈ। 2014 ਵਿੱਚ 61 ਕਰੋੜ ਅਧਾਰ ਸਨ।
- 9 ਦੇਸ਼ਾਂ ਨੇ ਅਪਣਾਇਆ ਭਾਰਤੀ ਯੂਪੀਆਈ।
- ਭਾਰਤੀ ਯੂਪੀਆਈ ਨੂੰ ਸਿੰਗਾਪੁਰ, ਸੰਯੁਕਤ ਅਰਬ ਅਮੀਰਾਤ, ਫਰਾਂਸ, ਮਾਰੀਸ਼ਸ, ਨੇਪਾਲ, ਭੂਟਾਨ, ਕਤਰ ਅਤੇ ਸ੍ਰੀਲੰਕਾ ਦੇ ਨਾਲ ਹੁਣ ਕੰਬੋਡੀਆ ਵਿੱਚ ਸਵੀਕਾਰ ਕੀਤਾ ਜਾਂਦਾ ਹੈ।
- 49% ਹੈ ਯੂਪੀਆਈ ਦੇ ਜ਼ਰੀਏ ਗਲੋਬਲ ਰੀਅਲ ਟਾਈਮ ਭੁਗਤਾਨ ਵਿੱਚ ਭਾਰਤ ਦੀ ਹਿੱਸੇਦਾਰੀ।
- 81% ਤੋਂ ਵੱਧ ਹਿੱਸੇਦਾਰੀ ਹੈ ਯੂਪੀਆਈ ਦੀ ਭਾਰਤ ਦੇ ਸਾਰੇ ਰਿਟੇਲ ਡਿਜੀਟਲ ਲੈਣ-ਦੇਣ ਵਿੱਚ।
- 64+ ਕਰੋੜ ਲੋਕ ਅਤੇ ਵਪਾਰੀ ਯੂਪੀਆਈ ਪਲੈਟਫਾਰਮ ਦਾ ਇਸਤੇਮਾਲ ਕਰ ਰਹੇ ਹਨ।

## ਟ੍ਰਾਂਸਪੋਰਟ ਐਂਡ ਲੌਜਿਸਟਿਕਸ

**16+ ਲੱਖ ਕਰੋੜ ਰੁਪਏ** ਦੀ ਅਨੁਮਾਨਿਤ ਲਾਗਤ ਵਾਲੇ 352 ਪ੍ਰੋਜੈਕਟਸ ਦਾ ਪੀਐੱਮ ਗਤੀਸ਼ਕਤੀ ਪਲੈਟਫਾਰਮ 'ਤੇ ਇਵੈਲਿਊਏਸ਼ਨ ਕੀਤਾ ਜਾ ਚੁੱਕਿਆ ਹੈ।

- 12+ ਕਰੋੜ ਫਾਸਟੈਗ ਜਾਰੀ, ਟੋਲ ਪਲਾਜ਼ਾ 'ਤੇ ਹੁਣ ਕੁਝ ਸੈਕਿੰਟ ਰੁਕਦੀਆਂ ਹਨ ਗੱਡੀਆਂ, ਈਂਧਣ ਦਾ ਖਰਚ ਘਟਿਆ- ਵਾਤਾਵਰਣ ਨੂੰ ਵੀ ਫਾਇਦਾ।
- ਯੂਨੀਫਾਈਡ ਲੌਜਿਸਟਿਕਸ ਇੰਟਰਫੇਸ ਪਲੈਟਫਾਰਮ (ਯੂਲਿਪ) ਇੱਕ ਡਿਜੀਟਲ ਪਲੈਟਫਾਰਮ ਹੈ ਜੋ ਲੌਜਿਸਟਿਕਸ ਨਾਲ ਸਬੰਧਿਤ ਮੰਤਰਾਲੇ ਅਤੇ ਵਿਭਾਗਾਂ ਦੇ ਡੇਟਾ ਨੂੰ ਇੱਕ ਹੀ ਪਲੈਟਫਾਰਮ 'ਤੇ ਏਕੀਕ੍ਰਿਤ ਕਰਦਾ ਹੈ।



## ਸਿਹਤ ਸੇਵਾ ਅਤੇ ਭਲਾਈ

- 90+ ਕਰੋੜ ਆਭਾ ਖਾਤਿਆਂ ਦੀ ਸੰਖਿਆ ਦਾ ਰਿਕਾਰਡ ਆਯੁਸ਼ਮਾਨ ਭਾਰਤ ਡਿਜੀਟਲ ਮਿਸ਼ਨ ਨੇ ਬਣਾਇਆ, ਇਹ 14 ਅੰਕ ਦੀ ਸਿਹਤ ਪਛਾਣ ਸੰਖਿਆ ਹੈ।
- 45+ ਕਰੋੜ ਈ-ਕੰਸਲਟੇਸ਼ਨ ਈ-ਸੰਜੀਵਨੀ ਦੁਆਰਾ ਹੋਏ
- 8.9 ਕਰੋੜ ਲਾਭਪਾਤਰੀ ਅਤੇ 14 ਲੱਖ ਤੋਂ ਵੱਧ ਆਂਗਣਵਾੜੀ ਪੋਸ਼ਣ ਟ੍ਰੈਕਰ ਨਾਲ ਜੁੜੇ।
- ਅਰੋਗਯ ਸੇਤੂ ਐਪ ਨੇ ਕੋਵਿਡ-19 ਦੇ ਦੌਰਾਨ ਟੀਕਾਕਰਣ ਅਤੇ ਉਸ ਦੀ ਪਛਾਣ ਵਿੱਚ ਬਹੁਤ ਸਹਾਇਤਾ ਕੀਤੀ।



## ਕਿਸਾਨ ਅਤੇ ਗ੍ਰਾਮੀਣ

**4.27+ ਲੱਖ ਕਰੋੜ ਰੁਪਏ**

**ਤੋਂ ਵੱਧ ਦੀ ਰਾਸ਼ੀ ਪੀਐੱਮ ਕਿਸਾਨ ਦੁਆਰਾ ਦਿੱਤੀ ਜਾ ਚੁੱਕੀ ਹੈ। ਇਹ ਕਿਸਾਨ ਕੇਂਦ੍ਰਿਤ ਡਿਜੀਟਲ ਇਨਫ੍ਰਾਸਟ੍ਰਕਚਰ ਹੈ, ਜਿਸ ਵਿੱਚ ਓਟੀਪੀ ਆਧਾਰ ਅਧਾਰਿਤ ਈ ਕੇਵਾਈਸੀ, ਬਾਇਓਮੀਟ੍ਰਿਕ ਪ੍ਰਮਾਣੀਕਰਣ ਵੀ ਸ਼ਾਮਲ ਹੈ।**

- 'm4Agri' ਨਾਲ ਉੱਤਰ ਪੂਰਬ ਦੇ ਰਾਜਾਂ ਦੇ ਕਿਸਾਨਾਂ ਨੂੰ ਖੇਤੀਬਾੜੀ ਅਤੇ ਬਾਗਵਾਨੀ ਨਾਲ ਸਬੰਧਿਤ ਸਲਾਹ ਜਾਰੀ ਕੀਤੀ ਜਾਂਦੀ ਹੈ।
- 97+ ਫੀਸਦੀ ਦੇਸ਼ਾਂ ਦੇ ਹਿੱਸੇ ਵਿੱਚ ਭੂਮੀ ਪੁਰਾਤੱਤ ਮੈਪਸ ਦਾ ਡਿਜੀਟਾਈਜੇਸ਼ਨ ਪੂਰਾ, 19 ਰਾਜਾਂ ਵਿੱਚ ਨਾਗਰਿਕ ਹੁਣ ਘਰ ਬੈਠੇ ਡਿਜੀਟਲ ਹਸਤਾਖਰ ਅਤੇ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਭੂਮੀ ਪੁਰਾਤੱਤ ਡਾਉਨਲੋਡ ਕਰ ਸਕਦੇ ਹਨ।
- 36+ ਕਰੋੜ ਭੂਮੀ ਦੇ ਹਿੱਸਿਆਂ ਨੂੰ ਵਿਸ਼ੇਸ਼ ਭੂਮੀ ਪਾਰਸਲ ਪਛਾਣ ਸੰਖਿਆ ਵੰਡੀ ਜਾ ਚੁੱਕੀ ਹੈ। ਇਹ 14 ਅੰਕਾਂ ਦਾ ਅਲਫਾ-ਨਿਊਮੈਰਿਕ ਕੋਡ ਹੈ ਜਿਸ ਨਾਲ ਬੇਨਾਮੀ ਲੈਣ-ਦੇਣ 'ਤੇ ਰੋਕ ਲੱਗਦੀ ਹੈ।

**9+ ਕਰੋੜ**

**ਕਿਸਾਨ ਆਈਡੀ ਕਾਰਡ ਬਣਾਏ ਗਏ।**





## ਸਿੱਖਿਆ ਅਤੇ ਹੁਨਰ

**1.5 ਕਰੋੜ** ਉਪਭੋਗਤਾ iGOT ਕਰਮਯੋਗੀ ਪਲੈਟਫਾਰਮ ਨਾਲ ਜੁੜੇ ਹਨ, 4000+ ਡਿਜੀਟਲ ਪਾਠਕ੍ਰਮ/ ਕੋਰਸ ਹਨ।

**566+ ਕਰੋੜ**

**ਲਰਨਿੰਗ ਸੈਸ਼ਨ ਦੀਕਸ਼ਾ ਪਲੈਟਫਾਰਮ 'ਤੇ ਹੋਏ, 2 ਕਰੋੜ ਤੋਂ ਵੱਧ ਯੂਜ਼ਰ ਹਨ।**

- 800+ ਸਰਕਾਰੀ ਵੈੱਬਸਾਈਟ ਨਾਲ ਜੁੜਿਆ ਹੈ ਡਿਜੀਟਲ ਇੰਡੀਆ ਭਾਸ਼ਿਣੀ, ਹਰ ਰੋਜ਼ 1.5 ਕਰੋੜ ਤੋਂ ਵੱਧ ਏਆਈ ਨਾਲ ਜੁੜੇ ਕੰਮਾਂ ਨੂੰ ਪੂਰਾ ਕਰਦਾ ਹੈ।
- 16 ਲੱਖ ਤੋਂ ਵੱਧ ਉਮੀਦਵਾਰ ਫਿਊਚਰ ਸਕਿੱਲਸ ਪ੍ਰਾਈਮ ਪ੍ਰੋਗਰਾਮ ਨਾਲ ਲਾਹੇਵੰਦ ਹੋਏ ਹਨ ਜਿਨ੍ਹਾਂ ਵਿੱਚ 85 ਫੀਸਦੀ ਲਾਭਪਾਤਰੀ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਦੇ ਹਨ।
- 6.39 ਕਰੋੜ ਪੇਂਡੂ ਲੋਕਾਂ ਨੂੰ ਪ੍ਰਧਾਨ ਮੰਤਰੀ ਗ੍ਰਾਮੀਣ ਡਿਜੀਟਲ ਸਾਕਸ਼ਰਤਾ ਅਭਿਆਨ (ਪੀਐੱਮਜੀ ਦਿਸ਼ਾ) ਦੁਆਰਾ ਟ੍ਰੇਂਡ ਕੀਤਾ ਗਿਆ, ਟੀਚਾ 6 ਕਰੋੜ ਪਰਿਵਾਰਾਂ ਵਿੱਚ ਹਰੇਕ ਪਰਿਵਾਰ ਇੱਕ ਵਿਅਕਤੀ ਦੀ ਟ੍ਰੇਨਿੰਗ ਦਾ ਸੀ।
- ਈ-ਕਾਉਂਸਲਿੰਗ, ਈ-ਗ੍ਰੰਥਾਲਯ, ਨੈਸ਼ਨਲ ਅਕੈਡਮਿਕ ਡਿਪੌਜੀਟਰੀ ਵੀ ਰਾਹ ਅਸਾਨ ਕਰ ਰਿਹਾ ਹੈ।

## ਉੱਦਮਤਾ ਅਤੇ ਨਿਰਮਾਣ

- 2.2+ ਲੱਖ ਸਟਾਰਟਅੱਪਸ ਦੇ ਨਾਲ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਈਕੋਸਿਸਟਮ ਹੈ, ਇੱਥੇ ਤਕਨੀਕ ਲੋਕਾਂ ਦੇ ਜੀਵਨ ਨੂੰ ਅਸਾਨ ਬਣਾ ਰਹੀ ਹੈ।
- ਸਟਾਰਟਅੱਪ ਇੰਡੀਆ ਹੱਬ ਇੱਕ ਡਿਜੀਟਲ ਪਲੈਟਫਾਰਮ ਹੈ, ਜਿੱਥੇ ਉੱਭਰ ਰਹੇ ਉੱਦਮੀ, ਨਿਵੇਸ਼ਕ, ਮਾਰਗਦਰਸ਼ਕ ਅਤੇ ਇਨਕਿਊਬੇਟਰ ਅਤੇ ਸਰਕਾਰੀ ਸੰਸਥਾਵਾਂ ਇੱਕ ਮੰਚ 'ਤੇ ਆਉਂਦੀਆਂ ਹਨ, ਇਨੋਵੇਸ਼ਨ ਅਤੇ ਵਪਾਰ ਨੂੰ ਹੁਲਾਰਾ ਮਿਲਦਾ ਹੈ।

## ਉਭਰਦੀ ਤਕਨੀਕ

ਨੈਸ਼ਨਲ ਪ੍ਰੋਗਰਾਮ ਔਨ ਆਰਟੀਫਿਸ਼ੀਅਲ ਇੰਟੈਲੀਜੈਂਸ (ਇੰਡੀਆ ਏਆਈ), ਸੈਂਟਰ ਆਫ ਐਕਸੀਲੈਂਸ ਫਾਰ ਇੰਟਰਨੈੱਟ ਆਫ ਥਿੰਗਸ ਵਰਗੇ ਡਿਜੀਟਲ ਪਲੈਟਫਾਰਮ ਉਭਰ ਰਹੀਆਂ ਤਕਨੀਕਾਂ ਨੂੰ ਦੇਸ਼ ਵਿੱਚ ਵਧਾਉਣ ਵਿੱਚ ਸਹਾਇਕ ਬਣ ਰਹੇ ਹਨ।



## ਖਰੀਦ, ਵਪਾਰ ਅਤੇ ਟੈਕਸ

- ਆਈਸਗੇਟ (ICEGATE) ਸੈਂਟਰਲ ਬੋਰਡ ਆਫ ਇਨਡਾਇਰੈਕਟ ਟੈਕਸਿਸ ਐਂਡ ਕਸਟਮਜ਼ (CBIC) ਦਾ ਪੋਰਟਲ ਹੈ, ਜਿਸ ਨੂੰ ULIP, ਮੋਟਰ ਵ੍ਹੀਕਲ ਈਕੋਸਿਸਟਮ ਅਤੇ BSF ਦੇ ਨਾਲ ਜੋੜ ਕੇ ਇੱਕ ਰੀਅਲ- ਟਾਈਮ ਡੇਟਾ ਸ਼ੇਅਰਿੰਗ ਨੈੱਟਵਰਕ ਬਣਾਇਆ ਗਿਆ ਹੈ, ਜਿਸ ਨਾਲ ਸਰਹੱਦ 'ਤੇ ਕਲੀਅਰੈਂਸ ਅਤੇ ਕਾਰਗੋ ਪ੍ਰੋਸੈਸਿੰਗ ਤੇਜ਼ ਹੋ ਗਈ ਹੈ।

**18+ ਲੱਖ ਕਰੋੜ ਰੁਪਏ**

**ਦੀ ਸਰਕਾਰੀ ਖਰੀਦ GeM ਪਲੈਟਫਾਰਮ 'ਤੇ ਸ਼ੁਰੂ ਤੋਂ ਹੀ ਅਪ੍ਰੈਲ, 2026 ਤੱਕ ਹੋਈ।**



ਪੀਐੱਮ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ

# ਨਵੇਂ ਭਾਰਤ ਦੇ ਕਾਰਜਬਲ ਦਾ ਸਸ਼ਕਤੀਕਰਣ



*ਕਿਰਤ ਬਜ਼ਾਰ ਨੂੰ ਸਸ਼ਕਤ ਬਣਾਉਣ ਦੇ ਉਦੇਸ਼ ਨਾਲ ਕੇਂਦਰ ਸਰਕਾਰ 'ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਾਗਾਰ' ਯੋਜਨਾ ਦੇ ਜ਼ਰੀਏ ਦੇਸ਼ ਵਿੱਚ ਰੁਜ਼ਗਾਰ ਸਿਰਜਣ ਦਾ ਨਵਾਂ ਅਧਿਆਏ ਘੜ੍ਹ ਰਹੀ ਹੈ। ਪਹਿਲੀ ਵਾਰ ਦੇਸ਼ ਵਿੱਚ ਰਸਮੀ ਨੌਕਰੀ ਨਾਲ ਜੁੜਨ 'ਤੇ ਸਿੱਧੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਦੋ ਵਰ੍ਹਿਆਂ ਵਿੱਚ 3.5 ਕਰੋੜ ਤੋਂ ਵੱਧ ਰੁਜ਼ਗਾਰ ਦੇ ਟੀਚੇ ਵੱਲ ਵਧਦੇ ਹੋਏ ਇਸ ਯੋਜਨਾ ਵਿੱਚ ਫਰਵਰੀ 2026 ਤੱਕ ਲਗਭਗ 56 ਲੱਖ ਕਰਮਚਾਰੀ ਹੋ ਚੁੱਕੇ ਹਨ ਰਜਿਸਟਰਡ...*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਰੁਜ਼ਗਾਰ ਨੂੰ 'ਵੈੱਲਫੇਅਰ ਚੈਰਿਟੀ' ਨਹੀਂ ਸਗੋਂ ਸਸ਼ਕਤੀਕਰਣ ਦੇ ਜ਼ਰੀਏ ਦੇ ਰੂਪ ਵਿੱਚ ਦੇਖਦੇ ਹਨ। ਇਹੋ ਵਿਜ਼ਨ 'ਵਿਕਸਿਤ ਭਾਰਤ 2047' ਦੇ ਸੁਪਨੇ ਨੂੰ ਪੂਰਾ ਕਰਨ ਦਾ ਮੁੱਖ ਇੰਜਣ ਵੀ ਬਣੇਗਾ। ਇਹੋ ਕਾਰਨ ਹੈ ਕਿ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਦੇ ਤਹਿਤ ਫਰਵਰੀ 2026 ਤੱਕ ਕੁੱਲ 55.9 ਲੱਖ ਪਹਿਲੀ ਵਾਰ ਕੰਮ ਕਰਨ ਵਾਲੇ ਕਰਮਚਾਰੀਆਂ ਅਤੇ 1.14 ਕਰੋੜ ਮੁੜ ਕਾਰਜ ਸ਼ੁਰੂ ਕਰਨ ਵਾਲੇ ਕਰਮਚਾਰੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਯੋਜਨਾ ਦੇ ਤਹਿਤ, ਪਹਿਲੀ ਵਾਰ ਨੌਕਰੀ ਪ੍ਰਾਪਤ ਕਰਨ ਵਾਲੇ ਕਰਮਚਾਰੀ ਜਿਨ੍ਹਾਂ ਦਾ ਨਵਾਂ ਯੂਏਐੱਨ (UAN) ਜੈਨਰੇਟ ਹੋਇਆ ਹੈ, ਉਹ ਵੱਧ ਤੋਂ ਵੱਧ 15,000 ਰੁਪਏ ਦੇ ਪ੍ਰੋਤਸਾਹਨ ਦੇ ਯੋਗ ਹਨ। ਇਹ ਰਾਸ਼ੀ ਛੇ-ਛੇ ਮਹੀਨਿਆਂ ਦੇ ਅੰਤਰਾਲ 'ਤੇ ਦੋ ਕਿਸ਼ਤਾਂ ਵਿੱਚ ਦਿੱਤੀ ਜਾਣੀ ਹੈ। ਨਾਲ ਹੀ, ਦੂਸਰੇ ਪਾਸੇ, ਸਰਕਾਰ ਮਾਲਕਾਂ (Employers) ਨੂੰ ਵੀ ਹਰੇਕ ਨਵੇਂ ਕਰਚਮਾਰੀ 'ਤੇ ਛੇ ਮਹੀਨੇ ਦਾ ਸਥਿਰ ਰੁਜ਼ਗਾਰ ਪ੍ਰਦਾਨ ਕਰਨ ਤੋਂ ਬਾਅਦ 3,000 ਰੁਪਏ ਤੱਕ ਦੀ ਪ੍ਰੋਤਸਾਹਨ ਰਾਸ਼ੀ ਪ੍ਰਦਾਨ ਕਰਦੀ ਹੈ।

ਕੇਂਦਰੀ ਕੈਬਨਿਟ ਨੇ 1 ਜੁਲਾਈ 2025 ਨੂੰ ਰੁਜ਼ਗਾਰ ਨਾਲ ਜੁੜੀ ਪ੍ਰੋਤਸਾਹਨ ਯੋਜਨਾ ਨੂੰ ਮਨਜ਼ੂਰੀ ਦਿੱਤੀ ਸੀ, ਜਿਸ ਦੇ ਲਈ 99,446 ਕਰੋੜ ਰੁਪਏ ਦੇ ਬਜਟ ਦਾ ਪ੍ਰਬੰਧ ਕੀਤਾ ਗਿਆ ਹੈ। ਯੋਜਨਾ ਦਾ ਉਦੇਸ਼ ਦੋ ਵਰ੍ਹਿਆਂ ਦੀ ਮਿਆਦ ਵਿੱਚ ਦੇਸ਼ ਵਿੱਚ 3.5 ਕਰੋੜ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਦੇ ਲਈ ਪ੍ਰੋਤਸਾਹਨ ਪ੍ਰਦਾਨ ਕਰਨਾ ਹੈ। ਯੋਜਨਾ ਦਾ ਲਾਭ 1 ਅਗਸਤ 2025 ਤੋਂ 31 ਜੁਲਾਈ 2027 ਦੇ ਦਰਮਿਆਨ ਸਿਰਜੇ ਰੁਜ਼ਗਾਰ ਦੇ ਲਈ ਮਿਲਣਾ ਹੈ। ਯੋਜਨਾ ਵਿੱਚ ਇੱਕ ਲੱਖ ਰੁਪਏ ਤੱਕ ਦੇ ਵੇਤਨ ਵਾਲੇ ਕਰਮਚਾਰੀ ਹੀ ਯੋਗ ਹੋਣਗੇ। ਨਵੀਆਂ ਨੌਕਰੀਆਂ ਦੇ ਪੈਦਾ ਹੋਣ ਨਾਲ ਨਾ ਸਿਰਫ਼ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੋਵੇਗਾ ਸਗੋਂ ਇਸ ਨਾਲ ਆਤਮ-ਨਿਰਭਰ ਭਾਰਤ ਦੀ ਨੀਂਹ ਨੂੰ ਵੀ ਮਜ਼ਬੂਤੀ ਮਿਲੇਗੀ। ਭਾਰਤ ਸਰਕਾਰ ਨੇ ਬਜਟ 2024-25 ਵਿੱਚ 'ਪ੍ਰਧਾਨ ਮੰਤਰੀ ਦੇ ਰੁਜ਼ਗਾਰ ਅਤੇ ਕੌਸ਼ਲ ਵਿਕਾਸ ਪੈਕੇਜ' ਦੇ ਤਹਿਤ ਰੁਜ਼ਗਾਰ ਨਾਲ ਜੁੜੀ ਪ੍ਰੋਤਸਾਹਨ ਯੋਜਨਾ ਦਾ ਐਲਾਨ ਕੀਤਾ ਸੀ। ਯੋਜਨਾ ਦੇ ਦੋ ਹਿੱਸੇ ਹਨ- ਇਹ ਕਰਮਚਾਰੀਆਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਪ੍ਰਤਿਸ਼ਠਾਨਾਂ ਨੂੰ ਨਵੇਂ ਕਰਮਚਾਰੀਆਂ ਦੀ ਉਤਪਾਦਕਤਾ ਵਧਾਉਣ ਵਿੱਚ ਸਹਿਯੋਗ ਦਿੰਦੀ ਹੈ।

> **ਅੱਜ ਹਰ ਭਾਰਤੀ ਇੱਕ ਵੱਡੇ ਸੰਕਲਪ ਦੇ ਨਾਲ ਅੱਗੇ ਵਧ ਰਿਹਾ ਹੈ। ਇਹ ਸੰਕਲਪ, 2047 ਤੱਕ ਵਿਕਸਿਤ ਭਾਰਤ ਦੇ ਨਿਰਮਾਣ ਦਾ ਹੈ। ਇਸ ਟੀਚੇ ਦੀ ਪ੍ਰਾਪਤੀ ਦੇ ਲਈ ਅੱਜ ਦੇਸ਼ ਵੱਖ-ਵੱਖ ਸੈਕਟਰਾਂ ਵਿੱਚ ਨਿਵੇਸ਼ ਕਰ ਰਿਹਾ ਹੈ ਅਤੇ ਇਸ ਨਿਵੇਸ਼ ਨਾਲ ਦੇਸ਼ ਦੇ ਨੌਜਵਾਨਾਂ ਦੇ ਲਈ ਰੁਜ਼ਗਾਰ ਦੇ ਲੱਖਾਂ ਨਵੇਂ ਮੌਕੇ ਬਣ ਰਹੇ ਹਨ।**
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਸੂਰਤ ਅਤੇ ਦਮਨ ਵਿੱਚ ਲਗਭਗ 23,000 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ**

# ਆਧੁਨਿਕ ਕਨੈਕਟੀਵਿਟੀ ਅਤੇ ਵਿਕਾਸ ਦਾ ਨਵਾਂ ਅਧਿਆਏ

*ਗੁਜਰਾਤ ਦੇ ਸੂਰਤ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦਮਨ ਵਿਖੇ ਖੇਤਰੀ ਵਿਕਾਸ ਅਤੇ ਮਜ਼ਬੂਤ ਕਨੈਕਟੀਵਿਟੀ ਦੇ ਨਵੇਂ ਯੁੱਗ ਦੇ ਸੂਤਰਪਾਤ ਦੇ ਲਈ ਕੇਂਦਰ ਸਰਕਾਰ ਨਿਰੰਤਰ ਵਚਨਬੱਧ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 5 ਜੂਨ ਨੂੰ ਸੂਰਤ, ਦਮਨ ਅਤੇ ਲਕਸ਼ਦ੍ਵੀਪ ਵਿਖੇ ਲਗਭਗ 23,000 ਕਰੋੜ ਰੁਪਏ ਦੇ ਸੜਕ, ਏਅਰਪੋਰਟ, ਹਸਪਤਾਲ, ਊਰਜਾ ਅਤੇ ਉਦਯੋਗਿਕ ਵਿਕਾਸ ਦੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਇਨ੍ਹਾਂ ਪ੍ਰੋਜੈਕਟਾਂ ਨਾਲ ਨਾ ਸਿਰਫ਼ ਈਜ਼ ਆਫ਼ ਲਿਵਿੰਗ ਨੂੰ ਹੁਲਾਰਾ ਮਿਲੇਗਾ ਸਗੋਂ ਰਾਸ਼ਟਰ ਦੇ ਆਤਮਨਿਰਭਰ ਬਣਨ ਦੇ ਸੰਕਲਪ ਨੂੰ ਵੀ ਮਿਲੇਗੀ ਗਤੀ...*

ਦੇਸ਼ ਵਿਕਸਿਤ ਭਾਰਤ ਦੇ ਜਿਸ ਟੀਚੇ ਦੇ ਨਾਲ ਅੱਗੇ ਵਧ ਰਿਹਾ ਹੈ ਉਸ ਦਿਸ਼ਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਹਰ ਦਿਨ ਇੱਕ ਨਵਾਂ ਅਧਿਆਏ ਜੁੜ ਰਿਹਾ ਹੈ। ਕੋਈ ਵੀ ਰਾਜ ਹੋਵੇ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼, ਵਿਕਾਸ ਵਿੱਚ ਕਿਸੇ ਵੀ ਪੱਧਰ 'ਤੇ ਪਿੱਛੇ ਨਾ ਰਹਿ ਜਾਵੇ, ਇਸ ਲਈ ਖੁਦ ਪ੍ਰਧਾਨ ਮੰਤਰੀ ਮੋਦੀ ਇਸ ਦੀ ਨਿਰੰਤਰ ਮੌਨੀਟਰਿੰਗ ਕਰਦੇ ਹਨ। ਵਿਕਾਸ ਦੀ ਰਫ਼ਤਾਰ ਸਮਾਜ ਵਿੱਚ ਆਖਰੀ ਸਿਰ੍ਹੇ 'ਤੇ ਬੈਠੇ ਵਿਅਕਤੀ ਤੱਕ ਪਹੁੰਚੇ ਇਸ ਦੇ ਲਈ ਕੰਮ ਕਰਦੇ ਹਨ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 5 ਜੂਨ ਨੂੰ ਗੁਜਰਾਤ ਦੇ ਸੂਰਤ, ਕੇਂਦਰ ਸ਼ਾਸਿਤ ਪ੍ਰਦੇਸ਼ ਦਮਨ ਅਤੇ ਲਕਸ਼ਦ੍ਵੀਪ ਦਾ ਦੌਰਾ ਕੀਤਾ। ਇੱਥੇ ਆਮ ਲੋਕਾਂ ਦੀਆਂ ਸਹੂਲਤਾਂ ਦੇ ਲਈ ਕਈ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਪ੍ਰੋਜੈਕਟਾਂ ਦੇ

> **ਇਹ ਦਹਾਕਾ, ਦੁਨੀਆ ਦੇ ਲਈ ਆਫ਼ਤ ਦਾ ਦਹਾਕਾ ਸਿੱਧ ਹੋ ਰਿਹਾ ਹੈ। ਪਹਿਲਾ ਵੱਡਾ ਕੋਰੋਨਾ ਸੰਕਟ ਆਇਆ, ਫਿਰ ਥਾਂ- ਥਾਂ ਯੁੱਧ... ਹੁਣ ਇੰਨਾ ਵੱਡਾ ਊਰਜਾ ਦਾ ਸੰਕਟ... ਇਸ ਨੇ ਪੂਰੀ ਦੁਨੀਆ ਵਿੱਚ ਗੜਬੜ ਕਰ ਦਿੱਤੀ ਹੈ। ਪਰ ਮੈਨੂੰ ਸੰਤੋਸ਼ ਹੈ ਕਿ 140 ਕਰੋੜ ਭਾਰਤੀਆਂ ਦੇ ਸਾਂਝੇ ਯਤਨਾਂ ਨਾਲ ਦੇਸ਼ ਅਜਿਹੇ ਹਰ ਸੰਕਟ ਦਾ ਮਜ਼ਬੂਤੀ ਨਾਲ ਮੁਕਾਬਲਾ ਕਰ ਰਿਹਾ ਹੈ।**
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਸੂਰਤ ਤੋਂ ਦੇਸ਼ ਨੂੰ ਵਿਕਾਸ ਪ੍ਰੋਜੈਕਟਾਂ ਦੇ ਤੋਹਫੇ

- **ਉਦਘਾਟਨ :** 8-ਲੇਨ ਐਕਸੈੱਸ ਕੰਟਰੋਲਡ ਵਡੋਦਰਾ-ਮੁੰਬਈ ਐਕਸਪ੍ਰੈੱਸਵੇਅ ਦੇ ਪ੍ਰਮੁੱਖ ਪੈਕੇਜ ਰਾਸ਼ਟਰ ਨੂੰ ਸਮਰਪਿਤ।
- ਸੂਰਤ ਵਿੱਚ 220 ਬੈੱਡਾਂ ਵਾਲੇ ਈਐੱਸਆਈਸੀ ਹਸਪਤਾਲ।
- ਪਾਵਰ ਟ੍ਰਾਂਸਮਿਸ਼ਨ ਨੈੱਟਵਰਕ ਦੇ ਵਿਸਥਾਰ ਦਾ ਪ੍ਰੋਜੈਕਟ।
- ਰਸਾਇਣ ਅਤੇ ਪੈਟਰੋ ਕੈਮੀਕਲ ਨਿਵੇਸ਼ ਖੇਤਰ।
- ਸਾਰਿਗਾਮ ਗੁਜਰਾਤ ਉਦਯੋਗਿਕ ਵਿਕਾਸ ਨਿਗਮ ਵਿੱਚ ਉੱਨਤ ਰਹਿੰਦ- ਖੂੰਹਦ ਨਿਪਟਾਰਾ।
- ਨੀਂਹ ਪੱਥਰ : ਕਬਾਇਲੀ ਖੇਤਰਾਂ ਅਤੇ ਸਟੈਚੂ ਆਫ ਯੂਨਿਟੀ ਤੱਕ ਪਹੁੰਚ ਨੂੰ ਪਹੁੰਚਯੋਗ ਬਣਾਉਣ ਦੇ ਲਈ ਰਾਸ਼ਟਰੀ ਰਾਜਮਾਰਗ-56 ਦੇ ਮਹੱਤਵਪੂਰਨ ਸੈਕਸ਼ਨਾਂ ਨੂੰ ਚਾਰ ਲੇਨ ਬਣਾਇਆ।



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੁਜਰਾਤ ਦੇ ਹਜ਼ੀਰਾ ਸਥਿਤ ਲਾਰਸਨ ਐਂਡ ਟੂਬ੍ਰੋ ਕੰਪਲੈਕਸ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਕੰਪਨੀ ਦੁਆਰਾ ਵੱਖ-ਵੱਖ ਖੇਤਰਾਂ ਵਿੱਚ ਵਿਕਸਿਤ ਕੀਤੇ ਜਾ ਰਹੇ ਇਨੋਵੇਸ਼ਨ ਨੂੰ ਦੇਖਿਆ।

ਉਦਘਾਟਨ ਨਾਲ ਜਿੱਥੇ ਇੱਕ ਪਾਸੇ ਆਮ ਲੋਕਾਂ ਦਾ ਜੀਵਨ ਸੁਖਾਲਾ ਹੋਵੇਗਾ ਉੱਥੇ ਹੀ ਜਿਨ੍ਹਾਂ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਗਿਆ ਹੈ ਉਸ ਤੋਂ ਆਉਣ ਵਾਲੇ ਸਮੇਂ ਵਿੱਚ ਭਵਿੱਖ ਦਾ ਰਾਹ ਅਸਾਨ ਹੋਵੇਗਾ। ਸੂਰਤ ਵਿੱਚ 18,800 ਕਰੋੜ, ਦਮਨ ਵਿਖੇ 2,970 ਕਰੋੜ ਅਤੇ ਲਕਸ਼ਦ੍ਵੀਪ ਵਿੱਚ 885 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ ਗਿਆ।

ਸੂਰਤ ਵਿਖੇ ਆਯੋਜਿਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਦੀ ਊਰਜਾ ਆਤਮ-ਨਿਰਭਰਤਾ ਵਿੱਚ ਗੁਜਰਾਤ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇੱਥੇ ਦੇਸ਼ ਦੀ 250 ਗੀਗਾਵਾਟ ਅਖੁੱਟ ਊਰਜਾ ਸਮਰੱਥਾ ਦੇ ਪੰਜਵੇਂ ਹਿੱਸੇ (50 ਗੀਗਾਵਾਟ) ਦਾ ਉਤਪਾਦਨ ਹੁੰਦਾ ਹੈ। ਰਾਜ ਗ੍ਰੀਨ ਹਾਈਡ੍ਰੋਜਨ ਅਤੇ ਗ੍ਰੀਨ ਅਮੋਨੀਆ ਵਰਗੇ ਉਭਰਦੇ ਖੇਤਰਾਂ ਵਿੱਚ ਵੀ ਮੋਹਰੀ ਭੂਮਿਕਾ ਨਿਭਾਉਣ ਦੇ ਲਈ ਤਿਆਰ ਹੈ। ਪਿਛਲੇ 12 ਵਰ੍ਹਿਆਂ ਵਿੱਚ ਸੌਰ ਊਰਜਾ, ਈਥੈਨੌਲ ਮਿਸ਼ਰਣ, ਰੇਲਵੇ ਇਲੈਕਟ੍ਰੀਫਿਕੇਸ਼ਨ, ਪਰਮਾਣੂ ਊਰਜਾ, ਟ੍ਰਾਂਸਮਿਸ਼ਨ ਨੈੱਟਵਰਕ, ਗੈਸ ਪਾਈਪਲਾਈਨ ਅਤੇ ਬੰਦਰਗਾਹ ਭੰਡਾਰਣ ਸਮਰੱਥਾਵਾਂ ਦਾ ਬਹੁਤ ਵਿਆਪਕ ਵਿਸਥਾਰ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਜਾਰੀ ਆਲਮੀ ਸੰਕਟ ਨੇ ਇਹ ਦੱਸਿਆ ਹੈ ਕਿ ਊਰਜਾ ਮਾਮਲੇ ਵਿੱਚ ਆਤਮ-ਨਿਰਭਰਤਾ ਕਿੰਨੀ ਜ਼ਰੂਰੀ ਹੈ।

ਹਜ਼ੀਰਾ ਦੀ ਆਪਣੀ ਯਾਤਰਾ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਇਸ ਖੇਤਰ ਨੂੰ ਸਿਰਫ਼ ਇੱਕ ਉਦਯੋਗਿਕ ਖੇਤਰ ਨਹੀਂ ਸਗੋਂ, ਊਰਜਾ, ਸਟੀਲ, ਰੱਖਿਆ ਉਤਪਾਦਨ ਅਤੇ ਆਲਮੀ ਸਮੁੰਦਰੀ ਵਪਾਰ ਨੂੰ ਸ਼ਾਮਲ ਕਰਨ ਵਾਲਾ ਇੱਕ ਵਿਆਪਕ, ਸਮ੍ਰਿੱਧ ਈਕੋਸਿਸਟਮ ਦੇ ਰੂਪ ਵਿੱਚ ਵਰਣਨ ਕੀਤਾ ਹੈ। ਉਨ੍ਹਾਂ ਨੇ ਇਸ ਸਮੁੰਦਰੀ -ਉਦਯੋਗਿਕ ਕੇਂਦਰ ਨੂੰ 'ਆਤਮ-ਨਿਰਭਰ ਭਾਰਤ' ਪਹਿਲ ਦਾ ਜੀਵੰਤ ਪ੍ਰਮਾਣ ਦੱਸਿਆ। ਦੇਸ਼ ਦੇ ਉਨ੍ਹਾਂ ਨਿਰਾਸ਼ਾਵਾਦੀ ਗੁੱਟਾਂ ਦੀ ਕੜੀ ਨਿਖੇਧੀ ਕੀਤੀ ਜੋ ਆਤਮ-ਨਿਰਭਰਤਾ ਅਭਿਆਨ ਦਾ ਮਜਾਕ ਉਡਾਉਂਦੇ ਹਨ। ਆਤਮ-ਨਿਰਭਰਤਾ ਨੂੰ ਹੁਲਾਰਾ ਦੇਣ ਦੇ ਲਈ ਆਧੁਨਿਕ ਕਨੈਕਟੀਵਿਟੀ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸਮਰਪਿਤ

## ਲਕਸ਼ਦ੍ਵੀਪ ਦੇ ਸਮਾਜਿਕ-ਆਰਥਿਕ ਵਿਕਾਸ ਨੂੰ ਗਤੀ

- ਨੀਂਹ ਪੱਥਰ : ਲਗਭਗ 885 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ।
- ਕਲਪੇਨੀ ਦ੍ਵੀਪ ਅਤੇ ਕਦਮਤ ਦ੍ਵੀਪ ਦੋਵਾਂ ਦੇ ਪੂਰਬੀ ਅਤੇ ਪੱਛਮੀ ਕਿਨਾਰਿਆਂ 'ਤੇ ਬੰਦਰਗਾਹ ਸਹੂਲਤਾਂ ਦਾ ਵਿਕਾਸ ਹੋਵੇਗਾ।
- ਮਲਟੀ-ਪਰਪਜ਼ ਘਾਟਾਂ ਦੇ ਵਿਕਾਸ ਨਾਲ 300 ਮੀਟਰ ਤੱਕ ਦੀ ਲੰਬਾਈ ਵਾਲੇ ਕਰੂਜ਼ ਜਹਾਜ਼ਾਂ ਸਮੇਤ ਵੱਡੇ ਯਾਤਰੀ ਜਹਾਜ਼ਾਂ ਦੇ ਲਈ ਸਾਲ ਭਰ ਆਵਾਜਾਈ ਦੀ ਸੁਵਿਧਾ ਉਪਲਬਧ ਹੋਵੇਗੀ।
- ਮੱਛੀ ਪ੍ਰਬੰਧਨ, ਈਂਧਣ ਵੰਡ, ਬਰਫ ਸਪਲਾਈ ਅਤੇ ਕਿਸ਼ਤੀ ਮੁਰੰਮਤ ਦੇ ਲਈ ਏਕੀਕ੍ਰਿਤ ਸਹੂਲਤਾਂ ਪ੍ਰਦਾਨ ਹੋਣਗੀਆਂ।
- ਇਹ ਪਹਿਲ ਸਮੁੰਦਰੀ ਸੰਪਰਕ ਨੂੰ ਮਜ਼ਬੂਤ ਕਰੇਗੀ, ਸਥਾਨਕ ਮਛੇਰਿਆਂ ਦੀ ਰੋਜ਼ੀ-ਰੋਟੀ ਵਿੱਚ ਸਹਾਇਤਾ ਕਰੇਗੀ, ਟੂਰਿਜ਼ਮ ਨੂੰ ਹੁਲਾਰਾ ਦੇਵੇਗੀ ਅਤੇ ਦ੍ਵੀਪਾਂ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਦੇਵੇਗੀ।





## ਦਮਨ ਨੂੰ ਮਿਲੇ ਵਿਕਾਸ ਦੇ ਤੋਹਫੇ

- ਉਦਘਾਟਨ : ਨਮੋ ਹਵਾਈ ਅੱਡੇ ਦੇ ਨਵੇਂ ਟਰਮੀਨਲ ਭਵਨ ਅਤੇ ਨਮੋ ਹਸਪਤਾਲ।
- ਨੀਂਹ ਪੱਥਰ : ਆਈਕੌਨਿਕ ਬ੍ਰਿਜ, ਦਮਨ ਕਨਵੈਂਸ਼ਨ ਸੈਂਟਰ, ਐੱਨਆਈਐੱਫਟੀ ਕੰਪਲੈਕਸ।




## ਪਹਿਲੀ ਵਿਸ਼ਵ ਯੋਗਾਸਨ ਚੈਂਪੀਅਨਸ਼ਿਪ ਦਾ ਉਦਘਾਟਨ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 4 ਜੂਨ ਨੂੰ ਪਹਿਲੀ ਵਿਸ਼ਵ ਯੋਗਾਸਨ ਚੈਂਪੀਅਨਸ਼ਿਪ ਦਾ ਉਦਘਾਟਨ ਕੀਤਾ ਜੋ ਆਲਮੀ ਖੇਡ ਵਿਰਾਸਤ ਵਿੱਚ ਇੱਕ ਇਤਿਹਾਸਕ ਕੀਰਤੀਮਾਨ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ "ਅੱਜ ਅਹਿਮਦਾਬਾਦ ਦੀ ਧਰਤੀ ਤੋਂ ਵਿਸ਼ਵ ਦੀ ਖੇਡ ਵਿਰਾਸਤ ਵਿੱਚ ਇੱਕ ਨਵਾਂ ਅਧਿਆਏ ਜੁੜ ਰਿਹਾ ਹੈ। " ਉਨ੍ਹਾਂ ਨੇ ਕਿਹਾ ਕਿ ਅਹਿਮਦਾਬਾਦ ਯੂਨੈਸਕੋ ਦੀ ਵਿਸ਼ਵ ਵਿਰਾਸਤ ਨਗਰੀ ਹੈ ਅਤੇ ਭਾਰਤ ਦੇ ਇਸ ਇਤਿਹਾਸਕ ਸ਼ਹਿਰ ਵਿੱਚ ਇਸ ਆਯੋਜਨ ਦਾ ਹੋਣਾ ਪੂਰੇ ਦੇਸ਼ ਦੇ ਲਈ ਮਾਣ ਦਾ ਵਿਸ਼ਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਿਵੇਂ-ਜਿਵੇਂ ਯੋਗਾਸਨ ਖੇਡ ਦਾ ਵਿਸਥਾਰ ਹੋਵੇਗਾ, ਤਿਵੇਂ-ਤਿਵੇਂ ਨਵੀਆਂ ਸੰਭਾਵਨਾਵਾਂ ਵੀ ਵਿਕਸਿਤ ਹੋਣਗੀਆਂ। ਇਸ ਨਾਲ ਖਿਡਾਰੀਆਂ, ਟ੍ਰੇਨਰਾਂ, ਖੇਡ ਵਿਗਿਆਨੀਆਂ, ਖੋਜਕਰਤਾਵਾਂ ਅਤੇ ਆਯੋਜਨ ਪ੍ਰਬੰਧਕਾਂ ਦੇ ਲਈ ਨਵੇਂ ਕਰੀਅਰ ਦੇ ਮੌਕੇ ਪੈਦਾ ਹੋਣਗੇ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਫ੍ਰੇਟ ਕੌਰੀਡੋਰ, ਬੁਲੇਟ ਟ੍ਰੇਨ ਅਤੇ ਵਡੋਦਰਾ-ਮੁੰਬਈ ਐਕਸਪ੍ਰੈੱਸਵੇਅ ਵਰਗੇ ਮੈਗਾ ਪ੍ਰੋਜੈਕਟਸ ਉਦਯੋਗਿਕ ਅਤੇ ਵਪਾਰਕ ਵਿਕਾਸ ਦੇ ਲਈ ਮਹੱਤਵਪੂਰਨ ਹਨ। ਛੋਟਾ ਉਦੈਪੁਰ, ਨਰਮਦਾ, ਭਰੂਚ ਅਤੇ ਤਾਪੀ ਦੇ ਕਬਾਇਲੀ ਖੇਤਰਾਂ ਵਿੱਚ ਚਾਰ ਲੇਨ ਦੇ ਰਾਜਮਾਰਗ ਬਣਾ ਕੇ, ਸਰਕਾਰ ਯਾਤਰਾ ਦੇ ਸਮੇਂ ਅਤੇ ਮਾਲ ਢੁਆਈ ਲਾਗਤ ਨੂੰ ਘੱਟ ਕਰ ਰਹੀ ਹੈ। ਕਬਾਇਲੀ ਅਤੇ ਗ੍ਰਾਮੀਣ ਖੇਤਰਾਂ ਵਿੱਚ ਆਧੁਨਿਕ ਕਨੈਕਟੀਵਿਟੀ ਲਿਆ ਕੇ, ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਐਜੂਕੇਸ਼ਨ, ਮੈਡੀਕਲ ਅਤੇ ਬਿਹਤਰ ਆਮਦਨ ਦੇ ਮੌਕਿਆਂ ਲਈ ਸੁਵਿਧਾਵਾਂ ਪ੍ਰਾਪਤ ਹੋਣ।

ਦਮਨ ਵਿੱਚ ਲਗਭਗ 2,970 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ। ਇੱਥੇ ਜਨਤਕ ਸਭਾ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਪਿਛਲੀ ਯਾਤਰਾ ਨੂੰ ਯਾਦ ਕੀਤਾ। ਉਨ੍ਹਾਂ ਨੇ ਜ਼ਿਕਰ ਕੀਤਾ ਕਿ ਉਸ ਸਮੇਂ ਵਿਅਕਤ ਕੀਤੀ ਗਈ ਉਨ੍ਹਾਂ ਦੀ ਭਾਵਨਾ ਅੱਜ ਅਸਲੀਅਤ ਵਿੱਚ ਬਦਲ ਚੁੱਕੀ ਹੈ। ਇਹ ਖੇਤਰ ਹੁਣ ਦੇਸ਼ ਦੀ ਵਿਭਿੰਨਤਾ ਅਤੇ ਜੀਵੰਤਤਾ ਦੀ ਮਾਣ ਨਾਲ ਪ੍ਰਤੀਨਿਧਤਾ ਕਰ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਦਮਨ ਮਿਨੀ ਇੰਡੀਆ ਦੀ ਇੱਕ ਜੀਵੰਤ ਉਦਾਹਰਣ ਬਣ ਗਈ ਹੈ, ਜਿੱਥੇ ਵੱਖ- ਵੱਖ ਖੇਤਰਾਂ ਦੇ ਲੋਕਾਂ ਦਾ ਨਿਵਾਸ ਪੂਰੇ ਦੇਸ਼ ਦੀ ਇੱਕ ਸੁੰਦਰ ਝਲਕ ਪੇਸ਼ ਕਰਦਾ ਹੈ।"

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਪ੍ਰਸ਼ਾਸਨਿਕ ਤਰੱਕੀ 'ਤੇ ਸੰਤੋਸ਼ ਪ੍ਰਗਟ ਕੀਤਾ। ਉਨ੍ਹਾਂ ਨੇ ਦਮਨ, ਦਿਉ ਅਤੇ ਦਾਦਰਾ ਅਤੇ ਨਗਰ ਹਵੇਲੀ ਵਿੱਚ ਪ੍ਰਭਾਵਸ਼ਾਲੀ ਤੌਰ 'ਤੇ ਲਾਗੂ ਕੀਤੇ ਜਾ ਰਹੇ ਸੁਸ਼ਾਸਨ ਮਾਡਲ ਦੀ ਸ਼ਲਾਘਾ ਕੀਤੀ। ਨਾਲ ਹੀ ਉਨ੍ਹਾਂ ਨੇ ਉੱਥੋਂ ਦੀ ਕਨੈਕਟੀਵਿਟੀ, ਸਿਹਤ, ਸਿੱਖਿਆ, ਟੂਰਿਜ਼ਮ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਨਾਲ ਜੁੜੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਉਨ੍ਹਾਂ ਨੇ ਦਮਨ ਦੇ ਵਿਕਾਸ ਦੀ ਤੁਲਨਾ ਸਿੰਗਾਪੁਰ ਦੀ ਆਰਥਿਕ ਪ੍ਰਗਤੀ ਨਾਲ ਕਰਦੇ ਹੋਏ ਇੱਕ ਦੂਰਦਰਸ਼ੀ ਦ੍ਰਿਸ਼ਟੀਕੋਣ ਸਾਂਝਾ ਕੀਤਾ। ਉਨ੍ਹਾਂ ਨੇ ਕਿਹਾ ਕਿ 'ਨਮੋ ਹਵਾਈ ਅੱਡਾ' ਅਤੇ 'ਦਮਨ ਗੰਗਾ ਪੁਲ' ਵਰਗੇ ਵੱਡੇ ਪ੍ਰੋਜੈਕਟਸ ਸਿਰਫ਼ ਸਥਾਨਕ ਤਬਦੀਲੀ ਨਹੀਂ ਸਗੋਂ ਇਸ ਖੇਤਰ ਨੂੰ ਆਲਮੀ ਪੱਧਰ 'ਤੇ ਇੱਕ ਨਵੀਂ ਪਛਾਣ ਦਿਵਾਉਣ ਵਾਲੇ ਮੀਲ ਪੱਥਰ ਹਨ। ਇਸ ਤਰ੍ਹਾਂ ਦੇ ਸਾਰੇ ਬੁਨਿਆਦੀ ਢਾਂਚਿਆਂ ਦੇ ਜ਼ਰੀਏ, ਭਵਿੱਖ ਦੇ ਸੰਕਲਪਾਂ ਦੇ ਲਈ ਇੱਕ ਮਜ਼ਬੂਤ ਨੀਂਹ ਤਿਆਰ ਕੀਤੀ ਜਾ ਰਹੀ ਹੈ।

ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਸਿੱਖਿਆ ਦੇ ਖੇਤਰ ਵਿੱਚ ਵੱਡੇ ਬਦਲਾਅ ਆ ਰਹੇ ਹਨ। ਪਹਿਲਾਂ ਇੱਥੋਂ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇ ਲਈ ਮਜ਼ਬੂਰਨ ਪਲਾਇਨ ਕਰਨਾ ਪੈਂਦਾ ਸੀ ਪਰ ਹੁਣ ਕੇਂਦਰ ਸ਼ਾਸਿਤ ਪ੍ਰਦੇਸ਼ ਸਿੱਖਿਆ ਦੇ ਖੇਤਰ ਵਿੱਚ ਹੌਲੀ-ਹੌਲੀ ਹੋਰ ਮਜ਼ਬੂਤੀ ਨਾਲ ਅੱਗੇ ਵਧ ਰਿਹਾ ਹੈ। ਸਰਸਵਤੀ ਸਾਈਕਲ ਯੋਜਨਾ ਅਤੇ ਸਰਸਵਤੀ ਵਿਦਿਆ ਯੋਜਨਾ ਇੱਥੇ ਦੀਆਂ ਬੇਟੀਆਂ ਦੇ ਲਈ ਸਹਾਇਕ ਸਾਬਤ ਹੋ ਰਹੀਆਂ ਹਨ। ਖੇਲੋ ਇੰਡੀਆ ਵਰਗੀ ਪਹਿਲ ਨੇ ਖੇਡਾਂ ਨੂੰ ਮਹਾਨਗਰਾਂ ਤੱਕ ਸੀਮਤ ਰੱਖਣ ਦੀ ਬਜਾਏ ਪਿੰਡਾਂ, ਕਸਬਿਆਂ ਅਤੇ ਛੋਟੇ ਖੇਤਰਾਂ ਤੱਕ ਪਹੁੰਚਾਇਆ ਹੈ। ਦਿਉ ਵੀ ਇੱਕ ਪ੍ਰਮੁੱਖ 'ਬੀਚ ਸਪੋਰਟਸ' ਮੰਜ਼ਿਲ ਦੇ ਰੂਪ ਵਿੱਚ ਉੱਭਰ ਰਿਹਾ ਹੈ ਅਤੇ ਗੇਮਸ ਟੂਰਿਜ਼ਮ ਨੂੰ ਨਵੀਂ ਪਛਾਣ ਦੇ ਰਿਹਾ ਹੈ। ▪

# ਬਹਾਦਰੀ ਨੂੰ ਸਨਮਾਨ...

*ਅੱਜ ਰਾਸ਼ਟਰ ਨਾ ਸਿਰਫ਼ ਸਰਹੱਦ 'ਤੇ ਸਗੋਂ ਅੰਦਰੂਨੀ ਹਿੱਸਿਆਂ ਵਿੱਚ ਵੀ ਅੱਤਵਾਦ ਅਤੇ ਹਥਿਆਰਬੰਦ ਕੈਡਰ ਤੋਂ ਸੁਰੱਖਿਅਤ ਹੈ ਤਾਂ ਉਸ ਦੇ ਪਿੱਛੇ ਹਨ ਵਿਲੱਖਣ ਬਹਾਦਰੀ, ਅਦੁੱਤੀ ਦਲੇਰੀ ਅਤੇ ਅਸਧਾਰਣ ਅਗਵਾਈ ਦੇਣ ਵਾਲੇ ਸਾਡੇ ਸੈਨਿਕ, ਕੇਂਦਰੀ ਹਥਿਆਰਬੰਦ ਬਲ ਅਤੇ ਪੁਲਿਸ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ 8 ਜੂਨ ਨੂੰ ਰਾਸ਼ਟਰਪਤੀ ਭਵਨ ਵਿਖੇ ਆਯੋਜਿਤ ਰੱਖਿਆ ਅਲੰਕਰਣ ਸਮਾਰੋਹ-2026 (Defence Investiture Ceremony) (ਫੇਜ-1) ਵਿੱਚ ਅਜਿਹੇ ਹੀ 51 ਬਹਾਦਰਾਂ ਨੂੰ ਸਨਮਾਨਿਤ ਕੀਤਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਰੱਖਿਆ ਅਲੰਕਰਣ ਸਮਾਰੋਹ 2026 (ਫੇਜ -1) ਵਿੱਚ ਹੋਏ ਸ਼ਾਮਲ ਅਤੇ ਰਾਸ਼ਟਰ ਦੇ ਪ੍ਰਤੀ ਉਨ੍ਹਾਂ ਦੀ ਅਦੁੱਤੀ ਦਲੇਰੀ, ਇਮਾਨਦਾਰੀ ਅਤੇ ਨਿਰਸੁਆਰਥ ਸੇਵਾ 'ਤੇ ਪ੍ਰਗਟ ਕੀਤਾ ਮਾਣ...*

ਰੱਖਿਆ ਬਲਾਂ, ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਅਤੇ ਰਾਜ/ ਕੇਂਦਰ ਸ਼ਾਸਿਤ ਪ੍ਰਦੇਸ਼ ਪੁਲਿਸ ਦੇ ਬਹਾਦਰਾਂ ਨੂੰ 7 ਕੀਰਤੀ ਚੱਕਰ (ਜਿਨ੍ਹਾਂ ਵਿੱਚ 2 ਮਰਨ ਉਪਰੰਤ ਸ਼ਾਮਲ ਹਨ), 15 ਵੀਰ ਚੱਕਰ (ਜਿਨ੍ਹਾਂ ਵਿੱਚ 3 ਮਰਨ ਉਪਰੰਤ ਸ਼ਾਮਲ ਹਨ) ਅਤੇ 29 ਸ਼ੌਰਯ ਚੱਕਰ (ਜਿਨ੍ਹਾਂ ਵਿੱਚ 1 ਮਰਨ ਉਪਰੰਤ ਸ਼ਾਮਲ ਹੈ) ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਪ੍ਰਦਾਨ ਕੀਤੇ। ਆਓ ਜਾਣੀਏ ਕੁਝ ਬਹਾਦਰੀ ਦੀਆਂ ਕਹਾਣੀਆਂ...



## ਲਾਂਸ ਨਾਇਕ ਮੀਨਾਤਵੀ ਸੁੰਦਰਮ ਏ, ਕੀਰਤੀ ਚੱਕਰ

ਦਿ ਤੋਪਖਾਨਾ ਰੈਜ਼ੀਮੈਂਟ ਦੇ ਮੀਨਾਤਵੀ ਸੁੰਦਰਮ ਏ ਨੇ ਗੰਭੀਰ ਰੂਪ ਨਾਲ ਜ਼ਖਮੀ ਹੋਣ ਦੇ ਬਾਵਜੂਦ ਕੁਲਗਾਮ ਵਿੱਚ ਅੱਤਵਾਦੀ ਨੂੰ ਮਾਰ ਸੁੱਟਿਆ।



## ਗਰੁੱਪ ਕੈਪਟਨ ਪ੍ਰਸ਼ਾਂਤ ਬਾਲ ਕ੍ਰਿਸ਼ਣਨ ਨਾਇਰ, ਫਲਾਇੰਗ ਪਾਇਲਟ, ਕੀਰਤੀ ਚੱਕਰ

ਭਾਰਤ ਦੇ ਪਹਿਲੇ ਮਾਨਵ ਪੁਲਾੜ ਮਿਸ਼ਨ ਗਗਨਯਾਨ ਦੇ ਲਈ ਚੁਣੇ ਗਏ ਚਾਰ ਗਗਨਯਾਤਰੀਆਂ ('Gaganyatris' astronauts) ਵਿੱਚੋਂ ਇੱਕ ਗਰੁੱਪ ਕੈਪਟਨ ਪ੍ਰਸ਼ਾਂਤ ਬਾਲ ਕ੍ਰਿਸ਼ਣਨ ਨਾਇਰ ਨੇ ਰਾਸ਼ਟਰ ਦੀ ਪ੍ਰਗਤੀ ਵਿੱਚ ਯੋਗਦਾਨ ਦੇਣ ਦੇ ਦ੍ਰਿੜ੍ਹ ਸੰਕਲਪ ਦਾ ਪ੍ਰਦਰਸ਼ਨ ਕੀਤਾ। ਇਸ ਅਦੁੱਤੀ ਦਲੇਰੀ ਅਤੇ ਬਹਾਦਰੀ ਦੇ ਲਈ ਉਨ੍ਹਾਂ ਨੂੰ ਕੀਰਤੀ ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਗਰੁੱਪ ਕੈਪਟਨ ਪ੍ਰਸ਼ਾਂਤ Axiom- 4 ਮਿਸ਼ਨ ਵਿੱਚ ਸਟੈਂਡਬਾਏ ਮਿਸ਼ਨ ਪਾਇਲਟ ਵੀ ਰਹੇ। ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਪੇਸ ਏਜੰਸੀਆਂ ਵਿੱਚ ਟ੍ਰੇਨਿੰਗ ਪ੍ਰਾਪਤ ਕੀਤੀ। ਉੱਤਮ ਸਰੀਰਕ ਸਹਿਣਸ਼ੀਲਤਾ, ਮਾਨਸਿਕ ਸ਼ਕਤੀ ਅਤੇ ਇਕਾਗਰਤਾ ਦਾ ਪ੍ਰਦਰਸ਼ਨ ਕੀਤਾ। Axiom- 4 ਮਿਸ਼ਨ ਦੀ ਤਿਆਰੀ ਦੇ ਦੌਰਾਨ ਉਨ੍ਹਾਂ ਨੇ ਅਨਜਾਣ ਖ਼ਤਰਿਆਂ ਦਾ ਸਾਹਮਣਾ ਕਰਨ ਦੀ ਇੱਛਾ ਸ਼ਕਤੀ ਅਤੇ ਅਤਿ-ਆਧੁਨਿਕ ਜੋਖਮ ਭਰੇ ਹਾਲਤਾਂ ਵਿੱਚ ਸੰਜਮ ਦਾ ਵੀ ਪ੍ਰਦਰਸ਼ਨ ਕੀਤਾ।

## ਲੈਫਟੀਨੈਂਟ ਸ਼ਸ਼ਾਂਕ ਤਿਵਾਰੀ, ਮਰਨ ਉਪਰੰਤ ਕੀਰਤੀ ਚੱਕਰ

ਆਰਮੀ ਸਰਵਿਸ ਕੋਰ (ਸਿੱਕਮ ਸਕਾਉਟਸ) ਦੇ ਲੈਫਟੀਨੈਂਟ ਸ਼ਸ਼ਾਂਕ ਤਿਵਾਰੀ ਉੱਤਰੀ ਸਿੱਕਮ ਦੇ ਉੱਚੇ ਇਲਾਕੇ ਵਿੱਚ ਇੱਕ ਗਸ਼ਤ ਟੀਮ ਦੀ ਅਗਵਾਈ ਕਰ ਰਹੇ ਸਨ। ਗਸ਼ਤ ਦੌਰਾਨ, ਟੀਮ ਦਾ ਇੱਕ ਮੈਂਬਰ, ਅਗਨੀਵੀਰ ਸਟੀਫਨ ਸੁੱਬਾ, ਆਪਣਾ ਸੰਤੁਲਨ ਗੁਆ ਬੈਠਾ ਅਤੇ ਇੱਕ ਨਦੀ ਵਿੱਚ ਫਿਸਲ ਗਿਆ। ਆਪਣੀ ਸੁਰੱਖਿਆ ਦੀ ਪਰਵਾਹ ਨਾ ਕਰਦੇ ਹੋਏ, ਲੈਫਟੀਨੈਂਟ ਸ਼ਸ਼ਾਂਕ ਤਿਵਾਰੀ ਨੇ ਨਦੀ ਵਿੱਚ ਛਾਲ ਮਾਰ ਦਿੱਤੀ ਅਤੇ ਸੁੱਬਾ ਨੂੰ ਕੰਢੇ 'ਤੇ ਲਿਆਉਣ ਵਿੱਚ ਕਾਮਯਾਬ ਹੋ ਗਏ। ਜਦੋਂ ਕਿ ਅਗਨੀਵੀਰ ਦੀ ਜਾਨ ਬਚ ਗਈ, ਪਰ ਤਿਵਾਰੀ ਤੇਜ਼ ਧਾਰਾ ਕਾਰਨ ਆਪਣੇ ਲਈ ਪਕੜ ਨਹੀਂ ਬਣਾ ਸਕੇ; ਉਨ੍ਹਾਂ ਨੇ ਆਪਣੇ ਅਧੀਨ ਕੰਮ ਕਰਨ ਵਾਲੇ ਦੀ ਜਾਨ ਬਚਾਉਂਦੇ ਸਮੇਂ ਚੱਟਾਨਾਂ ਨਾਲ ਟਕਰਾਉਣ ਕਾਰਨ ਗੰਭੀਰ ਸੱਟਾਂ ਨਾਲ ਦਮ ਤੋੜ ਦਿੱਤਾ। ਲੈਫਟੀਨੈਂਟ ਸ਼ਸ਼ਾਂਕ ਤਿਵਾਰੀ ਨੂੰ ਅਸਾਧਾਰਣ ਬਹਾਦਰੀ, ਨਿਰਸੁਆਰਥਤਾ ਅਤੇ ਅਟੱਲ ਦ੍ਰਿੜ੍ਹਤਾ ਲਈ ਮਰਨ ਉਪਰੰਤ ਕੀਰਤੀ ਚੱਕਰ ਨਾਲ ਸਨਮਾਨਿਤ ਕੀਤਾ ਗਿਆ।



## ਨਾਯਾਬ ਸੂਬੇਦਾਰ ਡੋਲੇਸ਼ਵਰ ਸੁੱਬਾ, ਕੀਰਤੀ ਚੱਕਰ

ਕਿਸ਼ਤਵਾੜ੍ਹਾ ਜ਼ਿਲ੍ਹੇ ਦੇ ਮੁਸ਼ਕਲ ਭਰੇ ਅਤੇ ਸੁੰਨਸਾਨ ਜੰਗਲੀ ਖੇਤਰ ਵਿੱਚ ਸੂਝ-ਬੂਝ ਅਤੇ ਬਹਾਦਰੀ ਦਾ ਪ੍ਰਦਰਸ਼ਨ ਕਰਦੇ ਹੋਏ ਇੱਕ ਹੀ ਆਪ੍ਰੇਸ਼ਨ ਵਿੱਚ ਦੋ ਅੱਤਵਾਦੀਆਂ ਨੂੰ ਖਤਮ ਕਰ ਦਿੱਤਾ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੁਆਰਾ ਪ੍ਰਦਾਨ ਕੀਤੇ ਗਏ ਬਹਾਦਰੀ ਪੁਰਸਕਾਰਾਂ ਦਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਗਵਰਨਿੰਗ ਕੌਂਸਲ ਦੀ ਮੀਟਿੰਗ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤੀ ਪ੍ਰਧਾਨਗੀ**

# ਦੁਨੀਆ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ ਭਾਰਤ ਦੀ ਵਿਕਾਸ ਗਾਥਾ

*ਨੀਤੀ ਆਯੋਗ ਭਾਰਤ ਨੂੰ ਬੁਨਿਆਦੀ ਤੌਰ 'ਤੇ ਮਜ਼ਬੂਤ ਕਰਨ ਵਾਲੀ ਪ੍ਰਮੁੱਖ ਸੰਸਥਾ ਹੈ ਜੋ ਵਿਕਾਸ ਦੇ ਹਰੇਕ ਪਹਿਲੂ ਵਿੱਚ ਆਲਮੀ ਪੱਧਰ 'ਤੇ ਮੁਕਾਬਲਾ ਕਰਨ ਦੇ ਲਈ ਦੇਸ਼ ਨੂੰ ਤਿਆਰ ਕਰਨ ਦੇ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਲਾਗੂ ਕਰਦੀ ਹੈ। ਅੱਜ ਭਾਰਤ ਨਾ ਸਿਰਫ਼ ਮੁਕਾਬਲਾ ਕਰ ਰਿਹਾ ਹੈ, ਸਗੋਂ ਹਰ ਵੱਡੀ ਅਰਥਵਿਵਸਥਾ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ 2047 ਤੱਕ ਵਿਕਸਿਤ ਭਾਰਤ ਦੇ ਟੀਚੇ ਵੱਲ ਵਧ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 11 ਜੂਨ ਨੂੰ ਨੀਤੀ ਆਯੋਗ ਦੀ 11ਵੀਂ ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਕਿਹਾ ਕਿ ਦੁਨੀਆ ਨੂੰ ਭਾਰਤ ਦੀ ਵਿਕਾਸ ਗਾਥਾ ਕਰਦੀ ਹੈ ਪ੍ਰੇਰਿਤ....*

ਨਵੀਂ ਦਿੱਲੀ ਦੇ ਰਾਸ਼ਟਰਪਤੀ ਭਵਨ ਸੱਭਿਆਚਾਰਕ ਕੇਂਦਰ ਵਿੱਚ ਨੀਤੀ ਆਯੋਗ ਦੀ 11ਵੀਂ ਗਵਰਨਿੰਗ ਕੌਂਸਲ ਦੀ ਮੀਟਿੰਗ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ 28 ਰਾਜਾਂ ਅਤੇ 5 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਮੁੱਖ ਮੰਤਰੀਆਂ, ਉਪ ਰਾਜਪਾਲਾਂ ਅਤੇ ਪ੍ਰਸ਼ਾਸਕਾਂ ਨੇ ਹਿੱਸਾ ਲਿਆ। ਇਹ ਪਹਿਲਾ ਮੌਕਾ ਸੀ ਜਦੋਂ ਸਾਰੇ 28 ਰਾਜਾਂ ਦੇ ਮੁੱਖ ਮੰਤਰੀਆਂ ਨੇ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਹਿੱਸਾ ਲਿਆ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਜਿਹੇ ਸਮੇਂ ਵਿੱਚ ਜਦੋਂ ਕਈ ਪ੍ਰਮੁੱਖ ਅਰਥਵਿਵਸਥਾਵਾਂ ਅਨਿਸ਼ਚਿਤਤਾ ਅਤੇ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ, ਭਾਰਤ ਦੀ ਵਿਕਾਸ ਗਾਥਾ ਦੁਨੀਆ ਨੂੰ ਪ੍ਰੇਰਿਤ ਕਰ ਰਹੀ ਹੈ। ਉਨ੍ਹਾਂ ਨੇ ਆਤਮਨਿਰਭਰਤਾ ਦੇ ਪ੍ਰਤੀ ਰਾਸ਼ਟਰ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਅਖੁੱਟ ਊਰਜਾ ਖੇਤਰ ਵਿੱਚ ਵਿਸ਼ੇਸ਼ ਤੌਰ 'ਤੇ ਆਲਮੀ ਸਰਵੋਤਮ ਅਭਿਆਸਾਂ ਨੂੰ ਅਪਣਾਉਣ ਅਤੇ ਲਾਗੂ ਕਰਨ ਦੇ ਮਹੱਤਵ 'ਤੇ ਚਾਨਣਾ ਪਾਇਆ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਲ ਕਰਨ ਦੇ ਲਈ ਕੇਂਦਰ ਅਤੇ ਰਾਜਾਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਕਸਿਤ ਭਾਰਤ ਦੀ ਕਲਪਨਾ

## ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਉਪਾਵਾਂ 'ਤੇ ਵਿਚਾਰ- ਵਟਾਂਦਰਾ

ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਮੁੱਖ ਮੰਤਰੀਆਂ ਅਤੇ ਉਪ ਰਾਜਪਾਲਾਂ ਨੇ ਇਕੱਠਿਆਂ ਮਿਲ ਕੇ ਸਮਾਵੇਸ਼ੀ ਮਨੁੱਖੀ ਵਿਕਾਸ ਫਾਰਮੈਟ ਬਾਰੇ ਚਰਚਾ ਕੀਤੀ। ਨਾਲ ਹੀ, ਮੀਟਿੰਗ ਵਿੱਚ ਦੇਸ਼ ਭਰ ਵਿੱਚ ਉੱਦਮਤਾ, ਕੌਸ਼ਲ ਵਿਕਾਸ ਨੂੰ ਵਧਾਉਣ ਅਤੇ ਸਥਾਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਉਪਾਵਾਂ 'ਤੇ ਵੀ ਵਿਚਾਰ- ਵਟਾਂਦਰਾ ਕੀਤਾ ਗਿਆ। ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਨੇ 26 ਤੋਂ 28 ਦਸੰਬਰ, 2025 ਦੇ ਦੌਰਾਨ ਆਯੋਜਿਤ ਮੁੱਖ ਸਕੱਤਰਾਂ ਦੇ 5ਵੇਂ ਰਾਸ਼ਟਰੀ ਸੰਮੇਲਨ ਦੀਆਂ ਸਿਫਾਰਸ਼ਾਂ 'ਤੇ ਵੀ ਧਿਆਨ ਕੇਂਦ੍ਰਿਤ ਕੀਤਾ।

ਨੀਤੀ ਆਯੋਗ ਦੁਆਰਾ 11ਵੀਂ ਗਵਰਨਿੰਗ ਕੌਂਸਲ ਮੀਟਿੰਗ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।






> ਸਹਿਕਾਰੀ ਸੰਘਵਾਦ ਦੀ ਭਾਵਨਾ ਤੋਂ ਪ੍ਰੇਰਿਤ ਅਸੀਂ ਸਾਰੇ ਭਾਰਤ ਦੀ ਵਿਕਾਸ ਯਾਤਰਾ ਨੂੰ ਗਤੀ ਦੇਣ ਦੇ ਲਈ ਮਿਲ ਕੇ ਕੰਮ ਕਰ ਰਹੇ ਹਾਂ। ਕੇਂਦਰ ਅਤੇ ਰਾਜਾਂ ਦੇ ਸਮੂਹਿਕ ਯਤਨ 'ਵਿਕਸਿਤ ਭਾਰਤ' ਦੇ ਸਾਡੇ ਸਾਂਝੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਪ੍ਰਮੁੱਖ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਦਿਸ਼ਾ- ਨਿਰਦੇਸ਼

- ਰਾਜਾਂ ਨੂੰ ਨੌਜਵਾਨਾਂ ਅਤੇ ਐੱਮਐੱਸਐੱਮਈ ਦੇ ਲਈ ਮੌਕੇ ਪੈਦਾ ਕਰਨ ਅਤੇ ਉਨ੍ਹਾਂ ਦੇਸ਼ਾਂ ਨੂੰ ਸਰਗਰਮ ਤੌਰ 'ਤੇ ਨਿਵੇਸ਼ ਆਕਰਸ਼ਿਤ ਕਰਨ ਦੇ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਦੇ ਨਾਲ ਭਾਰਤ ਨੇ ਮੁਕਤ ਵਪਾਰ ਸਮਝੌਤਿਆਂ 'ਤੇ ਹਸਤਾਖਰ ਕੀਤੇ ਹਨ।
- ਰਾਜਾਂ ਨੂੰ ਇੱਕ ਜ਼ਿਲ੍ਹਾ ਇੱਕ ਉਤਪਾਦ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਰੱਖਿਆ ਨਿਰਮਾਣ ਵਿੱਚ ਮੌਕਿਆਂ ਦਾ ਲਾਭ ਲੈਣਾ ਚਾਹੀਦਾ ਹੈ।
- ਏਆਈ ਨੂੰ ਇੱਕ ਮੌਕੇ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਭਵਿੱਖ ਦੇ ਲਈ ਤਿਆਰ ਕੌਸ਼ਲ ਨਾਲ ਲੈਸ ਕੀਤਾ ਜਾਣਾ ਚਾਹੀਦਾ ਹੈ।
- ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਅਤੇ ਸਾਈਬਰ ਧੋਖਾਧੜੀ ਵਰਗੀਆਂ ਉੱਭਰ ਰਹੀਆਂ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਲਈ ਤਾਲਮੇਲ ਵਾਲੇ ਯਤਨ ਕਰਨੇ ਚਾਹੀਦੇ ਹਨ।
- ਅਲ ਨੀਨੋ ਤੋਂ ਪੈਦਾ ਹੋਈਆਂ ਚਿੰਤਾਵਾਂ ਵੱਲ ਧਿਆਨ ਆਕਰਸ਼ਿਤ ਕਰਨ ਦੇ ਨਾਲ ਹੀ, ਰਾਜਾਂ ਨੂੰ ਜਲ ਦੀ ਸੰਭਾਲ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਤਾਕੀਦ ਕੀਤੀ।
- ਰਾਜਾਂ ਨੇ ਆਲਮੀ ਭੂ- ਰਾਜਨੀਤਿਕ ਸੰਕਟ ਦਾ ਸਾਹਮਣਾ ਕਰਨ ਅਤੇ ਭਾਰਤ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਦੇ ਲਈ ਕੇਂਦਰ ਦੇ ਨਾਲ ਇਕਜੁੱਟਤਾ ਪ੍ਰਗਟ ਕੀਤੀ।

ਹਰ ਰਾਜ, ਜ਼ਿਲ੍ਹੇ, ਬਲਾਕ ਅਤੇ ਪਿੰਡ ਦਾ ਸਮੂਹਿਕ ਸੰਕਲਪ ਬਣਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੇਸ਼ ਦੇ ਨੌਜਵਾਨ ਸਭ ਤੋਂ ਵੱਡੀ ਸੰਪਤੀ ਹਨ, ਜਿਸ ਵਿੱਚ ਲਗਭਗ 70 ਕਰੋੜ ਭਾਰਤੀ 25 ਵਰ੍ਹਿਆਂ ਤੋਂ ਘੱਟ ਉਮਰ ਦੇ ਹਨ। ਉਨ੍ਹਾਂ ਨੇ ਰਾਜਾਂ ਨੂੰ ਤਾਕੀਦ ਕੀਤੀ ਕਿ ਇਸ ਵਰਗ ਲਈ ਸਿੱਖਿਆ, ਹੁਨਰ ਵਿਕਾਸ ਅਤੇ ਸਮਰੱਥਾ ਨਿਰਮਾਣ ਦੀ ਪਹਿਲ 'ਤੇ ਧਿਆਨ ਕੇਂਦ੍ਰਿਤ ਕਰਨ ਜੋ ਨੌਜਵਾਨਾਂ ਨੂੰ ਭਵਿੱਖ ਦੇ ਮੌਕਿਆਂ ਅਤੇ ਚੁਣੌਤੀਆਂ ਦੇ ਲਈ ਤਿਆਰ ਕਰੇ।

ਇਸ ਵਰ੍ਹੇ ਮੀਟਿੰਗ ਦਾ ਵਿਸ਼ਾ ਵਿਕਸਿਤ ਭਾਰਤ @2047 ਦੇ ਲਈ ਸਮਾਵੇਸ਼ੀ ਮਨੁੱਖੀ ਵਿਕਾਸ ਸੀ। ਇਸ ਦਾ ਉਦੇਸ਼ ਉਮਰ, ਖੇਤਰ, ਲਿੰਗ ਜਾਂ ਸਮਾਜਿਕ-ਆਰਥਿਕ ਪਿਛੋਕੜ ਦੀ ਪਰਵਾਹ ਕੀਤੇ ਬਗੈਰ ਹਰੇਕ ਭਾਰਤੀ ਦੀ ਭਲਾਈ ਅਤੇ ਵਿਕਾਸ 'ਤੇ ਧਿਆਨ ਕੇਂਦ੍ਰਿਤ ਕਰਨਾ ਹੈ। ਪ੍ਰੋਗਰਾਮ ਵਿੱਚ ਮੌਜੂਦ ਮੁੱਖ ਮੰਤਰੀ, ਉਪ ਰਾਜਪਾਲ, ਪ੍ਰਸ਼ਾਸਕਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ 12 ਵਰ੍ਹਿਆਂ ਦਾ ਕਾਰਜਕਾਲ ਪੂਰਾ ਕਰਨ 'ਤੇ ਵਧਾਈ ਦਿੱਤੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਚਰਚਾ ਰਚਨਾਤਮਕ ਰਹੀ ਅਤੇ ਇਹ ਰਾਜਾਂ ਦੀਆਂ ਇੱਛਾਵਾਂ, ਉਮੀਦਾਂ, ਤਜ਼ਰਬਿਆਂ, ਸਰਵੋਤਮ ਅਭਿਆਸਾਂ ਅਤੇ ਚੁਣੌਤੀਆਂ ਨੂੰ ਦਰਸਾਉਂਦੀ ਹੈ।

# ਜਿਨ੍ਹਾਂ ਨੇ ਮੁਸ਼ਕਲ ਸਮੇਂ ਵਿੱਚ ਸੰਭਾਲੀ ਦੇਸ਼ ਦੀ ਕਮਾਨ



*ਮਹਾਨ ਰਾਜਨੀਤੀਵਾਨ, ਸਿੱਖਿਆ ਸ਼ਾਸਤਰੀ ਅਤੇ ਅਰਥ ਸ਼ਾਸਤਰੀ ਗੁਲਜਾਰੀ ਲਾਲ ਨੰਦਾ ਅਜਿਹੇ ਇਕੱਲੇ ਵਿਅਕਤੀ ਰਹੇ ਹਨ ਜੋ ਦੋ ਵਾਰ ਦੇਸ਼ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਬਣੇ। ਅਜਿਹੇ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਨੇ ਦੇਸ਼ ਦੀ ਕਮਾਨ ਸੰਭਾਲੀ। ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਦਾ ਅਚਾਨਕ ਦੇਹਾਂਤ ਹੋ ਗਿਆ ਸੀ। ਸਾਦਗੀ ਅਤੇ ਰਾਸ਼ਟਰ ਸੇਵਾ ਦੇ ਲਈ ਹਮੇਸ਼ਾ ਕਾਰਜ ਸੰਕਲਪਿਤ ਰਹਿਣ ਵਾਲੇ ਨੰਦਾ ਨੂੰ ਸਾਲ 1997 ਵਿੱਚ ਦੇਸ਼ ਦੇ ਸਰਬਉੱਚ ਨਾਗਰਿਕ ਸਨਮਾਨ 'ਭਾਰਤ ਰਤਨ' ਨਾਲ ਸਨਮਾਨਿਤ ਕੀਤਾ ਗਿਆ। ਦੇਸ਼ ਦੇ ਵਿਕਾਸ ਅਤੇ ਕਮਜ਼ੋਰ ਵਰਗ ਦੇ ਉਥਾਨ ਦੇ ਪ੍ਰਤੀ ਉਨ੍ਹਾਂ ਦਾ ਚਿੰਤਨ ਅੱਜ ਵੀ ਰਾਸ਼ਟਰ ਨੂੰ ਕਰਦਾ ਹੈ ਪ੍ਰੇਰਿਤ ...*

**ਜਨਮ : 4 ਜੁਲਾਈ, 1898, ਦੇਹਾਂਤ : 15 ਜਨਵਰੀ 1998**

ਆਦਰਸ਼ਵਾਦੀ ਰਾਜਨੀਤੀ ਦੀ ਸਰਵਸ਼੍ਰੇਸ਼ਠ ਉਦਾਹਰਣ ਰਹੇ ਗੁਲਜਾਰੀ ਲਾਲ ਨੰਦਾ ਨੇ ਦੋ ਵਾਰ ਦੇਸ਼ ਦੀ ਕਮਾਨ ਸੰਭਾਲੀ ਫਿਰ ਵੀ ਸਰਕਾਰੀ ਸੁਖ- ਸਹੂਲਤਾਂ ਦੀ ਇੱਛਾ ਨਹੀਂ ਰੱਖੀ। ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਉਨ੍ਹਾਂ ਨੇ ਜੇਲ੍ਹ ਦੇ ਤਸੀਹੇ ਸਹੇ, ਮਜ਼ਦੂਰਾਂ ਦੀ ਆਵਾਜ਼ ਬਣੇ ਅਤੇ ਸੱਤਾ ਦੇ ਸ਼ਿਖਰ 'ਤੇ ਪਹੁੰਚ ਕੇ ਵੀ ਸਾਦਗੀ ਦਾ ਜੀਵਨ ਹੀ ਬਿਤਾਇਆ। ਉਨ੍ਹਾਂ ਦਾ ਜੀਵਨ ਕੋਈ ਪ੍ਰਚਾਰ ਨਹੀਂ, ਸਗੋਂ ਇੱਕ ਮੌਨ ਤਪੱਸਿਆ ਸੀ। ਸੱਤਾ ਵਿੱਚ ਰਹਿ ਕੇ ਵੀ ਸੱਤਾ ਤੋਂ ਦੂਰ, ਰਾਜਨੀਤੀ ਵਿੱਚ ਰਹਿ ਕੇ ਵੀ ਕਦਰਾਂ-ਕੀਮਤਾਂ ਅਤੇ ਮਰਿਆਦਾ ਦਾ ਸਾਥ ਕਦੇ ਨਹੀਂ ਛੱਡਿਆ। ਸਾਦਗੀ ਦੀ ਮਿਸਾਲ ਮੰਨੇ ਜਾਣ ਵਾਲੇ ਨੰਦਾ ਬਾਰੇ ਕਿਹਾ ਜਾਂਦਾ ਹੈ ਕਿ ਦੇਸ਼ ਦੇ ਕਈ ਵੱਡੇ ਪਰਦਿਆਂ 'ਤੇ ਰਹਿਣ ਦੇ ਬਾਵਜੂਦ ਉਨ੍ਹਾਂ ਕਿਰਾਏ ਦੇ ਮਕਾਨ ਵਿੱਚ ਆਪਣੀ ਜ਼ਿੰਦਗੀ ਗੁਜਾਰ ਦਿੱਤੀ।

4 ਜੁਲਾਈ 1898 ਨੂੰ ਪੰਜਾਬ ਦੇ ਸਿਆਲਕੋਟ ਵਿੱਚ ਪੈਦਾ ਹੋਏ ਗੁਲਜਾਰੀ ਲਾਲ ਨੰਦਾ ਨੇ ਲਾਹੌਰ, ਆਗਰਾ ਅਤੇ ਇਲਾਹਾਬਾਦ ਵਿੱਚ ਆਪਣੀ ਸਿੱਖਿਆ ਪ੍ਰਾਪਤ ਕੀਤੀ। ਦੇਸ਼ ਦੀ ਆਜ਼ਾਦੀ ਦੀ ਲੜਾਈ ਦੀ ਖਾਤਰ ਵਰ੍ਹੇ 1932 ਵਿੱਚ ਜੇਲ੍ਹ ਜਾਣਾ ਪਿਆ। ਉਹ ਬਾਅਦ ਵਿੱਚ ਵੀ ਵਰ੍ਹੇ 1942 ਤੋਂ 1944 ਤੱਕ ਜੇਲ੍ਹ ਵਿੱਚ ਰਹੇ। ਵਰ੍ਹੇ 1937 ਵਿੱਚ ਉਹ ਬੰਬੇ ਸਰਕਾਰ ਵਿੱਚ ਸੰਸਦੀ ਸਕੱਤਰ ਰਹੇ। ਬਾਅਦ ਵਿੱਚ, ਬੰਬੇ ਸਰਕਾਰ ਦੇ ਕਿਰਤ ਮੰਤਰੀ (ਵਰ੍ਹੇ 1946 ਤੋਂ 1950 ਤੱਕ) ਦੇ ਰੂਪ ਵਿੱਚ ਉਨ੍ਹਾਂ ਨੇ ਰਾਜ ਵਿਧਾਨ ਸਭਾ ਵਿੱਚ ਸਫਲਤਾਪੂਰਵਕ ਕਿਰਤ ਵਿਵਾਦ ਬਿਲ ਪੇਸ਼ ਕੀਤਾ। ਆਜ਼ਾਦੀ ਤੋਂ ਬਾਅਦ ਉਹ ਦੇਸ਼ ਦੀ ਰਾਜਨੀਤੀ ਵਿੱਚ ਸਰਗਰਮ ਹੋ ਗਏ ਅਤੇ ਕਈ ਅਹੁਦਿਆਂ 'ਤੇ ਰਹੇ। ਉਹ ਵਰ੍ਹੇ 1962 ਅਤੇ 1963 ਵਿੱਚ ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰੀ ਅਤੇ 1963 ਤੋਂ 1966 ਤੱਕ ਗ੍ਰਹਿ ਮੰਤਰੀ ਰਹੇ।

ਪੰਡਿਤ ਜਵਾਹਰ ਲਾਲ ਨਹਿਰੂ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਨੇ 27 ਮਈ, 1964 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਸਹੁੰ ਚੁੱਕੀ ਅਤੇ 13 ਦਿਨਾਂ ਤੱਕ ਕਾਰਜਕਾਰੀ ਪ੍ਰਧਾਨ ਮੰਤਰੀ ਰਹੇ। ਤਾਸ਼ਕੰਦ ਵਿਖੇ ਲਾਲ ਬਹਾਦਰ ਸ਼ਾਸਤਰੀ ਦੇ ਦੇਹਾਂਤ ਤੋਂ ਬਾਅਦ ਫਿਰ ਤੋਂ 11 ਜਨਵਰੀ 1966 ਨੂੰ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਸਹੁੰ ਚੁੱਕੀ ਅਤੇ 13 ਦਿਨਾਂ ਤੱਕ ਕਾਰਜਕਾਰੀ ਪ੍ਰਧਾਨ ਮੰਤਰੀ ਰਹੇ। ਬਾਅਦ ਦੇ ਦਿਨਾਂ ਵਿੱਚ ਉਨ੍ਹਾਂ ਨੇ ਰਾਜਨੀਤੀ ਤੋਂ ਸਨਿਆਸ ਲੈ ਲਿਆ ਅਤੇ ਸਮਾਜ ਭਲਾਈ ਦੇ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ।

ਗੁਲਜਾਰੀ ਲਾਲ ਨੰਦਾ ਇੱਕ ਚੰਗੇ ਰਾਜ ਨੇਤਾ ਹੀ ਨਹੀਂ, ਸਗੋਂ ਵਧੀਆ ਲੇਖਕ ਵੀ ਸਨ। ਇੱਕ ਲੇਖਕ ਦੇ ਰੂਪ ਵਿੱਚ ਆਪਣੀ ਭੂਮਿਕਾ ਦਾ ਵੀ ਉਨ੍ਹਾਂ ਨੇ ਬਿਹਤਰ ਢੰਗ ਨਾਲ ਗੁਜ਼ਾਰਾ ਕੀਤਾ। ਉਨ੍ਹਾਂ ਨੇ ਕਈ ਪੁਸਤਕਾਂ ਦੀ ਰਚਨਾ ਕੀਤੀ। 15 ਜਨਵਰੀ 1998 ਨੂੰ ਲਗਭਗ 100 ਵਰ੍ਹਿਆਂ ਦੀ ਉਮਰ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਆਖਰੀ ਇੱਛਾ ਸੀ ਕਿ ਉਨ੍ਹਾਂ ਦੀਆਂ 'ਅਸਥੀਆਂ ਕੁਰੂਕਸ਼ੇਤਰ ਵਿੱਚ ਹੀ ਰਹਿਣ'। ਉਨ੍ਹਾਂ ਦੀ ਇੱਛਾ ਮੁਤਾਬਕ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੀਆਂ ਅਸਥੀਆਂ ਨੂੰ ਗੁਲਜਾਰੀ ਲਾਲ ਨੰਦਾ ਮਿਊਜ਼ੀਅਮ ਵਿੱਚ ਰੱਖਿਆ ਗਿਆ। ਕੁਰੂਕਸ਼ੇਤਰ ਵਿਕਾਸ ਬੋਰਡ ਦੀ ਦੇਖ ਰੇਖ ਹੇਠ, ਗੁਲਜਾਰੀ ਲਾਲ ਨੰਦਾ ਮੈਮੋਰੀਅਲ ਦਾ ਨੀਂਹ ਪੱਥਰ 4 ਜੁਲਾਈ 1999 ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਰੱਖਿਆ ਸੀ। ਇਸ ਮੌਕੇ 'ਤੇ ਕੇਂਦਰੀ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਆਡਵਾਣੀ ਅਤੇ ਮਨੁੱਖੀ ਸੰਸਾਧਨ ਵਿਕਾਸ ਮੰਤਰੀ ਡਾ. ਮੁਰਲੀ ਮਨੋਹਰ ਜੋਸ਼ੀ ਵੀ ਮੌਜੂਦ ਸਨ। ■



Narendra Modi
@narendramodi

धरती आबा भगवान बिरसा मुंडा जी के बलिदान दिवस पर उन्हें कोटि-कोटि नमन। उन्होंने जल, जंगल और जमीन की रक्षा के लिए विदेशी हुकूमत के विरुद्ध अदम्य साहस के साथ संघर्ष किया। उनका पूरा जीवन जनजातीय समाज के स्वाभिमान, संस्कृति और अधिकारों की रक्षा को समर्पित रहा। मातृभूमि के लिए सर्वस्व त्याग करने की उनकी गाथा देश की हर पीढ़ी में राष्ट्रभक्ति का संचार करती रहेगी।



Rajnath Singh
@rajnathsingh

डिफेंस कॉरिडोर के माध्यम से उत्तर प्रदेश, भारत के रक्षा क्षेत्र को आत्मनिर्भर बना रहा है। यहाँ लखनऊ में ब्रह्मोस का भी निर्माण हो रहा है। और भी कई तरह से उत्तर प्रदेश, डिफेंस मैन्युफैक्चरिंग को मज़बूत कर रहा है।



Amit Shah
@AmitShah

मोदी जी के नेतृत्व में केंद्रीय कैबिनेट ने दिल्ली-NCR को प्रदूषणमुक्त बनाने की दिशा में एक ऐतिहासिक निर्णय लिया है।
पेट्रोल-डीजल चालित लगभग 2 लाख ट्रकों और 16 हजार बसों को चरणबद्ध तरीके से BS-4, इलेक्ट्रिक एवं CNG वाहनों में परिवर्तित करने की इस महत्वाकांक्षी पहल के लिए ₹9,585 करोड़ की मंजूरी दी गई है। यह निर्णय दिल्ली-NCR की वायु को स्वच्छ बनाने की दिशा में महत्त्वपूर्ण सिद्ध होगा तथा पेट्रोलियम आयात पर निर्भरता कम करके देश की अर्थव्यवस्था को गति प्रदान करेगा।



Nitin Gadkari
@nitin_gadkari

भारत के सबसे लंबे समय तक निर्वाचित प्रधानमंत्री के रूप में ऐतिहासिक पड़ाव पूर्ण करने पर आज केंद्रीय कैबिनेट की बैठक में आदरणीय प्रधानमंत्री श्री @narendramodi जी का सभी सदस्यों द्वारा अभिनंदन किया गया।

प्रधानमंत्री जी की देशसेवा की यह ऐतिहासिक उपलब्धि 145 करोड़ देशवासियों के उन पर विश्वास और प्रेम का प्रतीक है। राष्ट्र निर्माण के लिए उनके मार्गदर्शन में और कार्यकुशल नेतृत्व में कार्य करना निरंतर प्रेरणादायी है।



Giriraj Singh
@girirajsinghbjp

PLI योजना के माध्यम से भारत का वस्त्र क्षेत्र नई ऊंचाइयों की ओर अग्रसर है।
राउंड-3 के तहत 22 नई कंपनियों को मंजूरी मिलने से ₹2,339 करोड़ के निवेश, ₹15,561 करोड़ के संभावित कारोबार तथा 36,217 नए रोजगार अवसरों का मार्ग प्रशस्त होगा।
बढ़ता निवेश, सशक्त उद्योग और रोजगार सृजन के साथ आत्मनिर्भर भारत का संकल्प निरंतर मजबूत हो रहा है।



Gajendra Singh Shekhawat
@gssjodhpur

प्रधानमंत्री श्री @narendramodi जी के नेतृत्व में पिछले 12 वर्षों में अन्नदाता किसानों का जीवन बदला है। बीज से बाजार तक किसान खुशहाली का बदलाव देख रहे हैं।

पीएम-किसान से सीधे मदद, e-NAM से बड़े बाजार, सॉयल हेल्थ कार्ड और नई तकनीकों से खेती ज्यादा आसान और फायदेमंद बनी है। फसल बीमा और मत्स्य संपदा जैसी योजनाओं ने भी अन्नदाता को नई ताकत दी है।

## युवा भारतीय देश और दुनिया के भविष्य को दे रहे आकार

पीएम मोदी ने की नई पीढ़ी के योगदान की प्रशंसा

पीएम ने कहा कि भारत के युवा विज्ञान और तकनीक से लेकर विनिर्माण, अंतरिक्ष, सेमीकंडक्टर और ड्रोन जैसे अलग-अलग क्षेत्रों में अपनी छाप छोड़ रहे हैं

छोटे कस्बों और गांवों से आगे आए युवा



भारत दुनिया के प्रमुख स्टार्टअप डेस्टिनेशन में से एक

उद्यमशीलता को दिया बढ़ावा

खेलों में भी बढ़ा रहे देश का गौरव

## वैश्विक समाधानों का उपभोक्ता ही नहीं, प्रदाता भी बना भारत : मोदी

प्रधानमंत्री ने फ्रांस में 'भारत इनोवेट्स' कार्यक्रम को संबोधित किया



मुलाकात

भारत नवाचार का देश है : मैक्रों

मोदी और मैक्रों ने कलाकृतियों का अवलोकन किया

## भारत ने 12 वर्षों में स्वास्थ्य सेवाओं को आम लोगों के लिए बनाया सुलभ : मोदी

नई दिल्ली। प्रधानमंत्री नरेंद्र मोदी ने रविवार को कहा कि बीते 12 वर्षों में भारत ने गुणवत्तापूर्ण स्वास्थ्य सेवाओं को अधिक सस्ता और आम लोगों की पहुंच में लाने के लिए व्यापक काम किया है। प्रधानमंत्री ने कहा कि सरकार स्वस्थ भारत के निर्माण के लिए ऐसे सभी प्रयासों को आगे भी जारी रखेगी।



पीएम बोले-स्वस्थ भारत के निर्माण के लिए जारी रहेंगे प्रयास

सोशल मीडिया पोस्ट में प्रधानमंत्री ने कहा कि देश को इस बात पर गर्व है कि भारत दुनिया की सबसे बड़ी स्वास्थ्य योजना आयुष्मान भारत के लिए जाना जाता है, जो समाज के सबसे कमजोर वर्गों को उच्च गुणवत्ता वाली स्वास्थ्य सेवाएं उपलब्ध कराती है। उन्होंने कहा, पीएम भारतीय जनऔषधि परियोजना जैसी योजनाओं ने दवाओं, स्टेंट व घुटने के प्रत्यारोपण को सस्ता बनाया है। इससे लाखों लोगों को राहत मिली है और इलाज का खर्च कम हुआ है। देश में मेडिकल कॉलेजों और सीटों की संख्या बढ़ने से चिकित्सा शिक्षा पहले की तुलना में अधिक सुलभ हुई है। एजेंसी

## भारत-फ्रांस ने रक्षा, तकनीक पर बढ़ाए कदम, कई मुद्दों पर चर्चा

फ्रांस में मोदी-मैक्रों ने द्विपक्षीय बैठक की



मैक्रों की सेल्फी, भारतीयों में उत्साह

नए लक्ष्य तय किए

स्पेस सेक्टर में बढ़ेगी भागीदारी

एआई से स्पेस तक, भविष्य की तस्वीर साफ

## 'महिलाओं को पूरी क्षमता दिखाने को राजग सरकार ने दिया माहौल'

नई दिल्ली, प्रेट्र : प्रधानमंत्री नरेन्द्र मोदी ने कहा कि राजग सरकार के प्रयास सम्मान, अवसर और सशक्तीकरण में निहित हैं और इनसे ऐसा माहौल तैयार हुआ है जहां महिलाएं अपनी पूरी क्षमता को पहचान सकती हैं और राष्ट्र निर्माण में और अधिक मजबूती से योगदान कर सकती हैं।

मोदी ने शुक्रवार को कहा कि पिछले 12 वर्षों में राजग सरकार ने महिलाओं के नेतृत्व में विकास को आगे बढ़ाने के लिए काम किया है, और यह विभिन्न क्षेत्रों में स्पष्ट रूप से दिखाई दे रहा है। उन्होंने कहा कि वित्तीय समावेशन और उद्यमिता से लेकर शिक्षा, स्वास्थ्य देखभाल, स्वच्छता, आवास, खेल, विज्ञान और शासन तक, महिलाएं विभिन्न क्षेत्रों में महत्वपूर्ण भूमिका निभा रही



प्रधानमंत्री नरेन्द्र मोदी • फाइल फोटो

### 'नारी शक्ति' को आगे बढ़ा रहा सरकार का माडल : शाह

नई दिल्ली, प्रेट्र : केंद्रीय गृह मंत्री अमित शाह ने कहा कि मोदी सरकार का "महिला नेतृत्व विकास" माडल 'नारी शक्ति' के सम्मान, सुरक्षा और सशक्तीकरण को आगे बढ़ा रहा है। शाह ने एक पोस्ट में कहा, "बेटी बचाओ, बेटी पढ़ाओ' से लेकर उज्ज्वला योजना के

## विकसित भारत के लिए राज्यों के बीच संवाद सहयोग, अनुभवों का आदान-प्रदान जरूरी : मोदी

नीति आयोग की बैठक में पीएम ने कहा-वैश्विक अनिश्चितताओं के बीच भारत तेजी से बढ़ रहा आगे



70 करोड़ युवा भारत की सबसे बड़ी पूंजी

## विश्वभर के नेताओं ने पीएम को दी बधाई

जागरण न्यूज नेटवर्क, नई दिल्ली : वैश्विक नेताओं ने प्रधानमंत्री नरेन्द्र मोदी को भारत के इतिहास में सबसे लंबे समय तक निर्वाचित प्रधानमंत्री बनने पर हार्दिक बधाई दी है। उन्होंने मोदी के परिवर्तनकारी शासन की जमकर सराहना की है। श्रीलंका के राष्ट्रपति अनुरा कुमारा दिसानायके ने एक पत्र के माध्यम से इस उपलब्धि को भारत की लोकतांत्रिक परिपक्वता और जनता के मोदी सरकार में निरंतर विश्वास का प्रतीक बताया।

जागरण ब्यूरो के अनुसार, दिसानायके ने लिखा -" भारत गणराज्य के इतिहास में सबसे लंबे समय तक निर्वाचित प्रधानमंत्री बनने पर सरकार और श्रीलंका की

- श्रीलंकाई राष्ट्रपति दिसानायके ने लिखा पत्र, कहा-यह मोदी सरकार में निरंतर जनता के विश्वास का प्रतीक



नरेन्द्र मोदी •

- पापुआ न्यू गिनी के पीएम ने मोदी को रोल माडल व लीडरशिप का उदाहरण बताया

उल्लेखनीय है। इससे न केवल शासन की उत्कृष्ट क्षमता, बल्कि आम लोगों के जीवन में ठोस सुधार लाने और चुनौतियों के बीच भी

एक व्यक्तिगत वीडियो संदेश में प्रधानमंत्री मोदी को "एक रोल माडल व लीडरशिप का उदाहरण" बताया। कहा- "20 करोड़ से अधिक लोगों को गरीबी से निकालकर सामान्य जनजीवन में लाना अद्भुत उपलब्धि है।" उन्होंने भारत से द्विपक्षीय संबंधों को और मजबूत करने की इच्छा जताई।

**एएनआइ के अनुसार,** त्रिनिदाद और टोबैगो की प्रधानमंत्री कमला प्रसाद बिसेसर ने भी मोदी को यह कहते हुए बधाई दी कि उनके नेतृत्व में भारत वैश्विक मामलों में एक प्रमुख आवाज के रूप में उभरा है। उन्होंने कहा कि एक साधारण शुरुआत से लेकर 1.40 अरब लोगों

**ਰਾਮਸਰ ਸਾਈਟਾਂ ਦੀ ਸਦੀ ....**

## ਭਾਰਤ ਦਾ 100ਵਾਂ ਰਾਮਸਰ

# ਜੈਪ੍ਰਕਾਸ਼ ਨਾਰਾਇਣ ਬਰਡ ਸੈਂਕਚੂਰੀ

*ਉੱਤਰ ਪ੍ਰਦੇਸ਼ ਦੇ ਬਲੀਆ ਵਿੱਚ ਸਥਿਤ ਜੈਪ੍ਰਕਾਸ਼ ਨਾਰਾਇਣ ਬਰਡ ਸੈਂਕਚੁਰੀ, ਭਾਰਤ ਦੀ 100 ਵੀਂ ਰਾਮਸਰ ਸਾਈਟ ਦੇ ਰੂਪ ਵਿੱਚ ਬਰਡ ਸੈਂਕਚੁਰੀ ਨੈੱਟਵਰਕ ਨਾਲ ਜੁੜ ਗਈ ਹੈ। ਪੰਛੀਆਂ ਦੀ ਵਿਭਿੰਨਤਾ ਨਾਲ ਭਰਪੂਰ, ਇਸ ਸੈਂਕਚੁਰੀ ਨੂੰ ਸੁਰਹਾ ਤਾਲ ਵੀ ਕਿਹਾ ਜਾਂਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 100ਵੀਂ ਰਾਮਸਰ ਸਾਈਟ ਦੇ ਇਸ ਮੀਲ ਪੱਥਰ 'ਤੇ ਪਹੁੰਚਣ 'ਤੇ ਖੁਸ਼ੀ ਪ੍ਰਗਟਾਈ। ਇਹ ਪ੍ਰਾਪਤੀ ਆਲਮੀ ਪੱਧਰ 'ਤੇ ਭਾਰਤ ਦੀ ਲੀਡਰਸ਼ਿਪ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਦੀ ਹੈ। ਇਹ ਅਜਿਹੀ ਸਦੀ ਹੈ ਜੋ ਸਿਰਫ਼ ਇੱਕ ਸੰਖਿਆ ਨਹੀਂ, ਸਗੋਂ ਸੰਭਾਲ, ਜੈਵ ਵਿਭਿੰਨਤਾ ਅਤੇ ਟਿਕਾਊ ਵਿਕਾਸ ਦੇ ਪ੍ਰਤੀ ਭਾਰਤ ਦੇ ਸੰਕਲਪ ਦੀ ਦਰਸਾਉਂਦੀ ਹੈ ਕਹਾਣੀ ....*

## ਰਾਮਸਰ ਸਾਈਟ ਦੀ ਕਹਾਣੀ ...

- ਭਾਰਤ, ਈਰਾਨ ਦੇ ਰਾਮਸਰ ਵਿੱਚ 1971 ਵਿੱਚ ਦਸਤਖਤ ਕੀਤੇ 'ਰਾਮਸਰ ਕਨਵੈਂਸ਼ਨ' ਦੇ ਕਾਨਟ੍ਰੈਕਟਿੰਗ ਪਾਰਟੀਆਂ ਵਿੱਚੋਂ ਇੱਕ ਹੈ। ਭਾਰਤ 1 ਫਰਵਰੀ 1982 ਨੂੰ ਇਸ ਸੰਮੇਲਨ ਦਾ ਹਸਤਾਖਰਕਰਤਾ ਬਣਿਆ।
- ਰਾਮਸਰ ਸਾਈਟ ਵਿੱਚ ਵੈੱਟਲੈਂਡਸ ਹਨ ਜਿਨ੍ਹਾਂ ਨੂੰ 'ਰਾਮਸਰ ਕਨਵੈਂਸ਼ਨ ਦੇ ਤਹਿਤ ਮਾਨਤਾ ਪ੍ਰਾਪਤ ਹੈ।
- ਭਾਰਤ ਵਿੱਚ ਜਿੱਥੇ 31 ਵਰ੍ਹਿਆਂ ਵਿੱਚ ਯਾਨੀ 2014 ਤੱਕ 26 ਰਾਮਸਰ ਸਾਈਟ ਐਲਾਨੀਆਂ ਗਈਆਂ, ਉੱਥੇ ਹੀ ਪਿਛਲੇ 12 ਵਰ੍ਹਿਆਂ ਵਿੱਚ 74 ਨਵੀਆਂ ਸਾਈਟਾਂ ਇਸ ਵਿੱਚ ਜੁੜੀਆਂ ਹਨ।
- ਇੰਦੌਰ ਅਤੇ ਉਦੈਪੁਰ ਭਾਰਤ ਦੇ ਪਹਿਲੇ ਰਾਮਸਰ ਵੈੱਟਲੈਂਡ ਸ਼ਹਿਰ ਬਣੇ (ਜਨਵਰੀ 2025)।

**12 ਵਰ੍ਹਿਆਂ ਵਿੱਚ 4 ਗੁਣਾ ਹੋਈਆਂ ਰਾਮਸਰ ਸਾਈਟਾਂ**

26 → 100

2014 → 2026

> "ਕੁਦਰਤੀ ਪਰਿਵੇਸ਼ ਅਤੇ ਵੈੱਟਵੈਂਡ ਦੀ ਰੱਖਿਆ ਦੇ ਪ੍ਰਤੀ ਭਾਰਤ ਦੀ ਅਟੁੱਟ ਵਚਨਬੱਧਤਾ ਇਸ ਉਪਲਬਧੀ ਤੋਂ ਝਲਕਦੀ ਹੈ। ਇਹ ਕੋਸ਼ਿਸ਼ ਜੈਵ ਵਿਭਿੰਨਤਾ ਨੂੰ ਸੰਭਾਲ ਕੇ ਰੱਖਣ , ਈਕੋਸਿਸਟਮ ਵਿੱਚ ਸੰਤੁਲਨ ਬਣਾਈ ਰੱਖਣ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੇ ਲਈ ਇੱਕ ਗ੍ਰੀਨ ਫਿਊਚਰ ਦਾ ਨਿਰਮਾਣ ਕਰਨ ਵਿੱਚ ਸਹਾਇਕ ਹਨ।
>
> **–ਪ੍ਰਧਾਨ ਮੰਤਰੀ, ਨਰੇਂਦਰ ਮੋਦੀ**



ਨਿਊ ਇੰਡੀਆ ਸਮਾਚਾਰ ਪੰਦਰਵਾੜਾ

**RNI Registered No. DELPUN/2020/78808, 1 –15 July, 2026**

RNI Registered No DELPUN/2020/78808, (Publishing Date: 16 June, 2026, Total Pages-42)

EDITOR IN CHIEF
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of
Communication, 2nd Floor, Soochna
Bhawan, New Delhi -110003